

*ਸੰਨ 2015 ਬਾਵਾ ਬਲਵੰਤ ਦੀ ਜਨਮ ਸ਼ਤਾਬਦੀ ਵਰ੍ਹਾ ਹੈ।*
*ਅਦਾਰਾ ਵਾਹਗਾ ਆਪਣੇ ਪ੍ਰਵੇਸ਼ ਅੰਕ ਵਿਚ ਬਾਵਾ ਬਲਵੰਤ ਬਾਰੇ ਡਾ. ਸੁਖਦੇਵ ਸਿੰਘ ਦਾ ਬਹੁਤ ਹੀ ਭਾਵਪੂਰਤ ਤੇ ਮਹੱਤਵਪੂਰਨ ਲੇਖ ਛਾਪ ਕੇ ਪੰਜਾਬੀ ਦੇ ਨਾਮਵਰ ਸ਼ਾਇਰ ਬਾਵਾ ਬਲਵੰਤ ਨੂੰ ਯਾਦ ਵੀ ਕਰ ਰਿਹਾ ਹੈ।*

# ਬਾਵਾ ਬਲਵੰਤ : ਭਾਰਤੀ ਅਵਚੇਤਨ ਅਤੇ ਪ੍ਰਗਤੀਵਾਦ

*ਡਾ. ਸੁਖਦੇਵ ਸਿੰਘ*

ਕਿਸ ਕਿਸ ਦਾ ਭੇਤ ਪਾਏ ਮੇਰੀ ਨਜ਼ਰ ਦੀ ਸ਼ਕਤੀ / ਸਬਜ਼ਾ ਤੇਰੀ ਹਿਨਾ ਵਿਚ, ਸੁਰਖ਼ੀ ਤੇਰੀ ਹਿਨਾ ਵਿਚ।
ਪੰਛੀ ਹਾਂ ਅਰਸ਼ ਦਾ ਮੈਂ, ਇਸ ਨੂੰ ਤਾਂ ਪਰ ਛੁਡਾ ਦੇ / ਜੇ ਡੋਰ ਅੜ ਗਈ ਹੈ, ਭਾਗਾਂ ਦਿਆਂ ਪਰਾਂ ਵਿਚ।
ਬਾਗ਼ੀ ਬਣਾ ਰਿਹਾ ਹੈ, ਕੀ ਦੋਸ਼ ਇਸ ਵਿਚ ਮੇਰਾ / ਤੇਰਾ ਹੀ ਤੇਜ ਹੈ ਇਹ, ਮਿੱਟੀ ਦੀਆਂ ਰਗਾਂ ਵਿਚ। [1]

ਪੰਜਾਬੀ ਦੇ ਪ੍ਰਗਤੀਵਾਦੀ ਕਵੀਆਂ ਦੇ ਪਹਿਲੇ ਪੂਰ ਦੇ ਸਾਹਮਣੇ ਬਸਤੀਵਾਦੀ ਪ੍ਰਬੰਧ ਵਿਰੁੱਧ ਜੂਝਦੇ ਦੁਨੀਆਂ ਦੇ ਵੱਖ-ਵੱਖ ਮੁਲਕਾਂ ਦੇ ਕੌਮੀ ਮੁਕਤੀ ਸੰਗਰਾਮ ਵੀ ਸਨ ਅਤੇ ਸਮਾਜਵਾਦੀ ਕੈਂਪ ਦੇ ਉਭਾਰ ਦੀਆਂ ਨਵੀਆਂ ਸੰਭਾਵਨਾਵਾਂ ਵੀ ਸਨ। ਬਾਵਾ ਬਲਵੰਤ ਆਪਣੇ ਕਾਵਿ-ਸੰਗ੍ਰਹਿ **'ਅਮਰ ਗੀਤ'** (1942 ਈ.) ਦੀ ਇਕ ਗ਼ਜ਼ਲ ਵਿਚ ਇਤਿਹਾਸ ਵੱਲੋਂ ਪੈ ਰਹੀ ਇਨਕਲਾਬੀ ਵਿੱਢ ਵੱਲ 'ਸਬਜ਼ਾ ਤੇਰੀ ਹਿਨਾ ਵਿਚ, ਸੁਰਖ਼ੀ ਤੇਰੀ ਹਿਨਾ ਵਿਚ' ਕਹਿ ਕੇ ਸੰਕੇਤ ਕਰਦਾ ਹੈ। ਭਾਰਤੀ ਸੰਦਰਭ ਵਿਚ ਪ੍ਰਗਤੀਸ਼ੀਲ ਸਾਹਿਤਕ ਲਹਿਰ ਦੇ ਸਾਹਮਣੇ ਦਮਨਕਾਰੀ ਬਸਤੀਵਾਦੀ ਪ੍ਰਬੰਧ ਦੇ ਨਾਲ-ਨਾਲ ਮੁੱਖ ਚੁਣੌਤੀ ਸਨਾਤਨੀ ਅਧਿਆਤਮਵਾਦੀ ਚਿੰਤਨ (ਭਾਗਵਾਦ) ਅਤੇ ਸਾਮੰਤੀ ਕਦਰਾਂ ਅਧਾਰਿਤ ਜੜ੍ਹ ਹੋਈ ਅਵਚੇਤਨੀ ਮਾਨਸਿਕਤਾ ਦੀ ਸੀ। ਸਨਾਤਨੀ ਜੜ੍ਹਤਾ-ਗ੍ਰਸਤ ਮਾਨਸਿਕਤਾ ਤੋਂ ਵਿਦਰੋਹ ਅਤੇ ਇਤਿਹਾਸਕ ਮੁਕਤੀ ਸੰਘਰਸ਼ਾਂ 'ਚੋਂ ਪੈਦਾ ਹੋ ਰਹੀਆਂ ਨਵੀਆਂ ਸੰਭਾਵਨਾਵਾਂ ਦਾ ਇਹ ਦਵੰਦ ਹੀ ਸੰਵੇਦਨਸ਼ੀਲ ਭਾਰਤੀ ਮੱਧਵਰਗ ਨੂੰ ਖੁੱਲ੍ਹੇ ਅੰਬਰਾਂ 'ਚ

ਉਡਾਣ ਦਾ ਸੁਪਨਾ ਦਿਖਾ ਕੇ 'ਬਾਗ਼ੀ' ਬਣਾਉਣਾ ਸੀ। ਬਾਵਾ ਬਲਵੰਤ ਵਿਸ਼ਵ ਇਤਿਹਾਸ ਦੇ ਤਰਥੱਲੀ ਦੇ ਇਸ ਦੌਰ (ਦੂਜਾ ਵਿਸ਼ਵ-ਯੁੱਧ) ਵਿਚ ਪੰਜਾਬੀ ਕਵਿਤਾ ਦੇ ਪਿੜ 'ਚ **'ਮਹਾਂ ਨਾਚ'** (1941 ਈ.) ਲੈ ਕੇ ਨਮੂਦਾਰ ਹੋਇਆ।

ਬਾਵਾ ਬਲਵੰਤ ਦਾ ਖ਼ਾਨਦਾਨੀ ਪਿਛੋਕੜ ਬਨਾਰਸ ਦੇ ਹਿੰਦੂ ਬ੍ਰਾਹਮਣ ਪਰਿਵਾਰ ਦਾ ਹੈ। ਉਸ ਦਾ ਇਕ ਪੁਰਖਾ ਹਕੀਮ ਗੁਰਨਾਮੀ ਰਾਇ, ਸ਼ਾਹ ਆਲਮ ਸਾਨੀ ਦੇ ਅਹਿਦ (ਰਾਜ) ਸਮੇਂ ਬਨਾਰਸ ਤੋਂ ਲਾਹੌਰ ਆਇਆ। ਤਿੱਬ (ਹਿਕਮਤ) ਤੇ ਜੋਤਿਸ਼ ਦੇ ਗਿਆਨ ਸਦਕਾ ਲਾਹੌਰ ਦੇ ਸੂਬੇਦਾਰ ਅਮਾਨਤ ਖਾਂ ਨੇ ਉਸ ਨੂੰ ਆਪਣਾ ਦਰਬਾਰੀ ਹਕੀਮ ਨਿਯੁਕਤ ਕੀਤਾ ਤੇ ਬਾਗ਼ਬਾਨਪੁਰੇ ਦੇ ਨੇੜੇ ਇਕ ਪਿੰਡ ਵਿਚ ਜਾਗੀਰ ਬਖ਼ਸ਼ੀ, ਜੋ ਉਸ ਦੇ ਪੜਪੋਤੇ ਹਕੀਮ ਦਿਆਨਤ ਰਾਇ ਤੱਕ ਕਾਇਮ ਰਹੀ। ਸਿੱਖ ਮਿਸਲਾਂ ਸਮੇਂ ਇਹ ਜਾਗੀਰ ਖ਼ਤਮ ਹੋ ਗਈ। ਹਕੀਮ ਦਿਆਨਤ ਰਾਇ ਦੇ ਦੋਵਾਂ ਪੁੱਤਰਾਂ-ਹਕੀਮ ਲਾਲਾ ਮਿਸਰ ਤੇ ਹਕੀਮ ਬਨਵਾਰੀ ਮਿਸਰ ਦੇ ਖ਼ਾਨਦਾਨ ਵੀ ਸਿੱਖ ਰਾਜ ਤੇ ਸਿੱਖ ਸਾਮੰਤਾਂ ਦੀ ਸਰਪ੍ਰਸਤੀ ਮਾਣਦੇ ਰਹੇ। ਹਕੀਮ ਲਾਲਾ ਮਿਸਰ ਦਾ ਪੁੱਤਰ ਹਕੀਮ ਘਸੀਟਾ ਮਿਸਰ ਰਣਜੀਤ ਸਿੰਘ ਦਾ ਦਰਬਾਰੀ ਹਕੀਮ ਰਿਹਾ ਤੇ ਉਸ ਨੂੰ ਪਿੰਡ ਸੇਲ, ਤਹਿਸੀਲ ਡੇਰਾ (ਦਜਲਾ, ਕਾਂਗੜਾ ਜ਼ਿਲ੍ਹਾ) 'ਚ ਜਾਗੀਰ ਮਿਲੀ ਹੋਈ ਸੀ। ਹਕੀਮ ਬਨਵਾਰੀ ਮਿਸਰ ਦਾ ਪੁੱਤਰ ਹਕੀਮ ਮਿਸਰ ਮੂਲ ਚੰਦ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦਾ ਦਰਬਾਰੀ ਹਕੀਮ ਰਿਹਾ। ਪਿੰਡ ਨੇਸ਼ਟਾਂ, ਹੁਣ ਜ਼ਿਲ੍ਹਾ ਤਰਨਤਾਰਨ ਵਿਚ ਉਸ ਨੂੰ ਮਿਲੀ ਜਾਗੀਰ ਅੰਗਰੇਜ਼ੀ ਰਾਜ ਸਮੇਂ ਜ਼ਬਤ ਹੋਈ। ਮਿਸਰ ਮੂਲ ਚੰਦ ਕਵੀ ਬਾਵਾ ਬਲਵੰਤ ਦਾ ਪੜਦਾਦਾ ਸੀ, ਜੋ ਸੰਸਕ੍ਰਿਤ, ਫ਼ਾਰਸੀ ਤੇ ਰੇਖਤਾ ਦਾ ਗਿਆਤਾ ਤੇ ਖ਼ੁਦ ਲੇਖਕ ਸੀ। ਬਾਵਾ ਦਾ ਦਾਦਾ ਹਕੀਮ ਠਾਕਰ ਰਾਮ ਲਾਲ ਬ੍ਰਜ ਭਾਸ਼ਾ ਦਾ ਲੇਖਕ ਸੀ। ਬ੍ਰਜ ਭਾਸ਼ਾ ਵਿਚ 'ਮਾਤਾ ਵੈਸ਼ਨੋ ਦੇਵੀ' ਦਾ ਕਿੱਸਾ ਲਿਖਣ ਵਾਲੇ ਇਸ ਕਵੀ ਦੀ ਸਰਦਾਰ ਅਜੀਤ ਸਿੰਘ ਅਟਾਰੀਵਾਲਾ ਨਾਲ ਨੇੜਤਾ ਰਹੀ। ਇਸ ਦੇ ਚਾਰ ਪੁੱਤਰਾਂ ਵਿਚ ਸਭ ਤੋਂ ਛੋਟਾ ਹਕੀਮ ਠਾਕਰ ਦੀਨਾ ਨਾਥ ਬਾਵੇ ਦਾ ਪਿਤਾ ਸੀ, ਜੋ ਅਰਬੀ, ਫ਼ਾਰਸੀ, ਉਰਦੂ, ਸੰਸਕ੍ਰਿਤ ਅਤੇ ਹਿੰਦੀ ਦਾ ਗਿਆਤਾ ਤੇ ਵਿਦਵਾਨ ਸੀ। ਇਸ ਨੇ ਵੀ ਫ਼ਾਰਸੀ ਤੇ ਪੰਜਾਬੀ ਵਿਚ ਪਰੰਪਰਕ ਰੰਗ ਦੀ ਕਵਿਤਾ ਲਿਖੀ।[2] ਸਾਹਿਤ ਪੜ੍ਹਨ ਤੇ ਲਿਖਣ ਦੀ ਚੇਟਕ ਬਾਵੇ ਨੂੰ ਘਰ ਵਿਚੋਂ ਲੱਗੀ। ਪਿਤਾ ਕੋਲੋਂ ਉਰਦੂ ਤੇ ਫ਼ਾਰਸੀ ਸਿੱਖੀ ਤੇ ਉਨ੍ਹਾਂ ਦੀ ਮਾਰਫ਼ਤ; ਫ਼ਾਰਸੀ ਦਾ ਕਲਾਸਕੀ ਸਾਹਿਤ-ਸ਼ਾਹਨਾਮਾ ਫ਼ਿਰਦੌਸੀ, ਗੁਲਿਸਤਾਂ, ਬੋਸਤਾਂ ਤੇ ਸਿਕੰਦਰਨਾਮਾ ਆਦਿ ਪੜ੍ਹਿਆ-ਵਾਚਿਆ। ਸੰਸਕ੍ਰਿਤ ਤੇ ਹਿੰਦੀ ਦਾ ਕਲਾਸਕੀ ਸਾਹਿਤ ਬਾਵਾ ਨੇ ਆਪਣੀ ਮਾਤਾ ਦੀ ਪ੍ਰੇਰਣਾ ਨਾਲ ਪੜ੍ਹਿਆ। ਬਾਵਾ ਬਲਵੰਤ ਦਾ ਜਨਮ ਨੇਸ਼ਟਾ, ਉਸ ਸਮੇਂ ਜ਼ਿਲ੍ਹਾ ਅੰਮ੍ਰਿਤਸਰ 'ਚ ਹੋਇਆ, ਪਰ ਉਸ ਦੀ ਜਨਮ ਮਿਤੀ ਬਾਰੇ ਵਿਦਵਾਨਾਂ ਵਿਚ ਮੱਤ-ਭੇਦ ਹੈ। ਕੁਲਬੀਰ ਸਿੰਘ ਕਾਂਗ[3], ਡਾ. ਧਰਮਪਾਲ ਸਿੰਗਲ[4], ਡਾ. ਪ੍ਰੀਤਮ ਸੈਣੀ[5], ਪ੍ਰੋ. ਪ੍ਰੀਤਮ ਸਿੰਘ[6] ਅਤੇ ਕਰਤਾਰ ਸਿੰਘ ਸੁਮੇਰ[7] ਆਦਿ ਨੇ ਬਾਵਾ ਬਲਵੰਤ ਦਾ ਜਨਮ ਅਗਸਤ 1915 ਈ. ਮੰਨਿਆ ਹੈ। ਬਾਵਾ ਬਲਵੰਤ ਨੇ ਖ਼ੁਦ **'ਜਵਾਲਾਮੁਖੀ'** ਕਾਵਿ-ਸੰਗ੍ਰਹਿ ਵਿਚ ਆਪਣਾ ਜਨਮ ਅਗਸਤ 1915 ਈ. ਨੂੰ ਮੰਨਿਆ ਹੈ।[8] ਪਰ ਡਾ. ਐਸ.ਤਰਸੇਮ ਨੇ ਹਰਬੰਸ ਲਾਲ ਤੂਫ਼ਾਨ ਤੋਂ ਪ੍ਰਾਪਤ ਟੇਵੇ ਦੇ ਹਵਾਲੇ ਨਾਲ ਬਾਵਾ ਬਲਵੰਤ ਦੇ ਜਨਮ ਦੀ ਮਿਤੀ 19 ਅਗਸਤ 1913 ਈ. ਲਿਖੀ ਹੈ।[9] ਬਾਵਾ ਬਲਵੰਤ ਦਾ ਦੇਹਾਂਤ 26 ਜੂਨ 1972 ਈ. ਦਿੱਲੀ ਵਿਖੇ ਹੋਇਆ।

ਬਾਵਾ ਬਲਵੰਤ ਦਾ ਬਚਪਨ ਅੰਮ੍ਰਿਤਸਰ 'ਚ ਬੀਤਿਆ, ਜਿਥੇ ਉਸ ਦਾ ਪਿਤਾ ਕੱਟੜਾ ਮੇਹਰ ਸਿੰਘ ਵਿਚ 'ਸ਼ਾਹੀ ਵੈਦਿਕ ਸਫ਼ਾਖ਼ਾਨਾ ਪੰਜਾਬ' ਚਲਾਉਂਦਾ ਸੀ। ਆਰਥਿਕ ਤੰਗ-ਦਸਤੀ ਕਰਕੇ ਬਾਵੇ ਨੇ ਲੰਡੇ ਪੜ੍ਹੇ, ਮੁਨੀਮੀ ਸਿੱਖੀ ਤੇ ਆੜ੍ਹਤ ਦੀ ਦੁਕਾਨ 'ਤੇ ਕੰਮ ਕੀਤਾ। ਉਹ 1930 ਈ. ਦੇ ਆਸ ਪਾਸ ਕਾਂਗਰਸ ਦੀ ਅਗਵਾਈ 'ਚ ਭਾਰਤੀ ਸੁਤੰਤਰਤਾ ਸੰਗਰਾਮ ਵੱਲ ਖਿੱਚਿਆ ਗਿਆ। ਉਹ ਜਲ੍ਹਿਆਂ ਵਾਲਾ ਬਾਗ਼ ਵਿਚ ਲਗਦੇ ਕਾਂਗਰਸੀ ਵਲੰਟੀਅਰ ਕੈਂਪਾਂ 'ਚ ਜਾਣ ਲੱਗਾ। ਇਥੇ ਉਸ ਦਾ ਰਾਬਤਾ ਉੱਘੇ ਕਾਂਗਰਸੀ ਦੇਸ਼-ਭਗਤਾਂ ਅਤੇ ਖੱਬੇ ਪੱਖੀ ਸੋਚ ਵਾਲੇ ਲੇਖਕਾਂ ਨਾਲ ਬਣਿਆ, ਖ਼ੁਫ਼ੀਆ ਰਾਜਸੀ ਸਰਗਰਮੀਆਂ ਦੇ ਨਾਲ ਨਾਲ ਉਸ ਨੂੰ ਰਾਸ਼ਟਰਵਾਦੀ ਤੇ ਇਨਕਲਾਬੀ ਸਾਹਿਤ ਪੜ੍ਹਨ ਦਾ ਮੌਕਾ ਮਿਲਿਆ। ਇਸ ਸਮੇਂ ਦੌਰਾਨ ਉਸ ਨੇ ਸ਼ੌਕਤ ਅਸਮਾਨੀ ਦੀ ਪੁਸਤਕ **'ਮੇਰੀ ਰੂਸ ਯਾਤਰਾ'**, ਜਵਾਹਰ ਲਾਲ ਨਹਿਰੂ ਦੀ **'ਸੋਵੀਅਤ ਰੂਸ'** ਰਾਬਿੰਦਰ ਨਾਥ ਟੈਗੋਰ ਦੀ **'ਮੇਰੀ ਰੂਸੀ ਚਿੱਠੀ'** ਅਤੇ **'ਕਿਰਤੀ'** ਰਿਸਾਲੇ 'ਚ ਛਪਦੀਆਂ-ਰਾਸ ਬਿਹਾਰੀ ਬੋਸ, ਲਾਲਾ ਹਰਦਿਆਲ, ਸ. ਅਜੀਤ ਸਿੰਘ, ਅਰਜਨ ਸਿੰਘ ਗੜਗੱਜ, ਹੀਰਾ ਸਿੰਘ ਦਰਦ, ਮਾਰਕਸ, ਏਂਗਲਜ, ਲੈਨਿਨ ਅਤੇ ਕ੍ਰਿਸਟੋਫ਼ਰ ਕਾਡਵੈੱਲ ਆਦਿ ਦੀਆਂ ਕ੍ਰਾਂਤੀਕਾਰੀ ਲਿਖਤਾਂ ਪੜ੍ਹੀਆਂ। ਬਾਵਾ ਰੂਸ ਤੋਂ ਮਾਰਕਸਵਾਦ ਦਾ ਅਧਿਐਨ ਕਰਕੇ ਆਏ ਫਿਰੋਜ਼ਦੀਨ ਮਨਸੂਰ ਅਤੇ ਖਵਾਜ਼ਾ ਜ਼ਹੂਰਤ-ਉਦ-ਦੀਨ ਦੇ ਸਟੱਡੀ ਸਰਕਲਾਂ ਵਿਚ ਸ਼ਾਮਿਲ ਹੁੰਦਾ ਰਿਹਾ। ਸਿਆਸੀ ਸਰਗਰਮੀਆਂ ਕਰਕੇ 1930 ਈ. 'ਚ ਉਸਦੇ ਵਾਰੰਟ ਗ੍ਰਿਫਤਾਰੀ ਨਿਕਲੇ। ਉਹ ਕੁਝ ਸਮਾਂ ਰੂਪੋਸ਼ ਰਿਹਾ। ਅੰਮ੍ਰਿਤਸਰ ਅਤੇ ਲਾਹੌਰ ਦੇ ਰਾਸ਼ਟਰਵਾਦੀਆਂ ਤੇ ਇਨਕਲਾਬੀਆਂ ਨਾਲ ਸੰਪਰਕ ਕਰਕੇ ਬਾਵਾ ਬਲਵੰਤ ਉਰਦੂ ਵਿਚ ਕਵਿਤਾ ਲਿਖਣ ਲੱਗਾ। ਉਸ ਦੀ ਉਰਦੂ ਦੀਆਂ ਇਨਕਲਾਬੀ ਨਜ਼ਮਾਂ ਦੀ ਕਿਤਾਬ **'ਸ਼ੇਰਿ-ਹਿੰਦ'** ਸਰਕਾਰ ਵੱਲੋਂ ਜ਼ਬਤ ਹੋਈ।[10] ਡਾ. ਧਰਮਪਾਲ ਸਿੰਗਲ ਬਾਵੇ ਦੀ ਇਕ ਹੋਰ ਰਚਨਾ ਦੇ ਜ਼ਬਤ ਹੋਣ ਦਾ ਦਾਅਵਾ ਕਰਦਾ ਹੈ, ਉਹ ਲਿਖਦਾ ਹੈ, ਉਸ ਦੀ (ਬਾਵਾ

ਦੀ) ਲਿਖੀ ਲੰਮੇਰੀ ਉਰਦੂ ਨਜ਼ਮ **'ਭਗਤ ਸਿੰਘ'** ਸਰਕਾਰ ਦੇ ਗੁੱਸੇ ਦਾ ਸ਼ਿਕਾਰ ਬਣੀ ਤੇ ਜ਼ਬਤ ਹੋਈ।[11] ਬਾਵਾ ਬਲਵੰਤ **'ਕਿਰਤੀ'** ਗਰੁੱਪ ਅਤੇ ਨੌਜਵਾਨ ਭਾਰਤ ਸਭਾ ਦੇ ਹਮਦਰਦ ਵਜੋਂ ਸਰਗਰਮ ਰਿਹਾ। 1931 ਈ. ਵਿਚ ਗਾਂਧੀ-ਇਰਵਨ ਸਮਝੌਤੇ ਬਾਅਦ ਉਨ੍ਹਾਂ ਗ੍ਰਿਫਤਾਰੀ ਦੇ ਵਰੰਟ ਮਨਸੂਖ਼ ਹੋਏ।

ਬਾਵਾ ਬਲਵੰਤ ਨੇ ਪੰਜਾਬੀ ਦੀ ਪ੍ਰਗਤੀਸ਼ੀਲ ਕਾਵਿ-ਧਾਰਾ ਵਿਚ ਅਸਲੋਂ ਨਵੇਂ ਆਯਾਮ ਜੋੜੇ। ਕੌਮੀ ਤੇ ਕੌਮਾਂਤਰੀ ਮਸਲਿਆਂ ਬਾਰੇ ਸੁਜੱਗ ਤੇ ਮਾਰਕਸਵਾਦੀ ਵਿਗਿਆਨਕ ਚੇਤਨਾ ਨਾਲ ਲੈਸ ਬਾਵਾ ਬਲਵੰਤ ਨੇ ਪ੍ਰਗਤੀਸ਼ੀਲ ਕਾਵਿ-ਧਾਰਾ ਦੇ ਕਲੇਵਰ (ਵਸਤੂ-ਸਾਰ) ਅਤੇ ਭੂਗੋਲਿਕ ਦਿਸਹੱਦੇ ਦੋਹਾਂ ਨੂੰ ਮੋਕਲਾ ਕੀਤਾ। ਬਹੁ-ਭਾਸ਼ੀ ਗਿਆਨ, ਭਾਰਤੀ ਤੇ ਸੰਸਾਰ-ਸਾਹਿਤ ਦੇ ਵਿਸ਼ਾਲ ਅਧਿਐਨ, ਮਾਰਕਸਵਾਦੀ ਚਿੰਤਨ ਤੇ ਕੌਮਾਂਤਰੀ ਖੱਬੇ ਪੱਖੀ/ਕਮਿਊਨਿਸਟ ਲਹਿਰ ਦੇ ਸੰਘਰਸ਼ਾਂ ਤੋਂ ਪ੍ਰਾਪਤ ਵਿਸ਼ਵ-ਚੇਤਨਾ, ਮਨੁੱਖੀ ਇਹਿਤਾਸ ਦੀ ਸਹੀ ਦਵੰਦਾਤਮਕ ਪਦਾਰਥਵਾਦੀ ਸਮਝ ਅਤੇ ਵਿਸ਼ੇਸ਼ ਕਰਕੇ ਭਾਰਤੀ ਇਤਿਹਾਸ, ਮਿਥਿਹਾਸ ਅਤੇ ਪੌਰਾਣ (ਵੇਦ-ਸ਼ਾਸਤਰ ਪਰੰਪਰਾ) ਤੱਕ ਰਸਾਈ ਹੋਣ ਕਰਕੇ ਉਸਨੇ ਪੰਜਾਬੀ ਦੀ ਪ੍ਰਗਤੀਵਾਦੀ ਕਵਿਤਾ ਦਾ ਇਕ ਸਿਰਾ ਭਾਰਤੀ ਦਾਰਸ਼ਨਿਕ ਪਰੰਪਰਾ ਤੇ ਪੌਰਾਨਿਕ ਚੇਤਨਾ ਨਾਲ ਮੇਲ ਦਿੱਤਾ ਅਤੇ ਦੂਜਾ ਵਿਸ਼ਵ ਸਾਹਿਤ ਤੇ ਚਿੰਤਨ ਦੀਆਂ ਲੋਕ-ਪੱਖੀ ਪਰੰਪਰਾਵਾਂ ਨਾਲ। ਉਸ ਨੇ ਕਾਲ (ਇਤਿਹਾਸ) ਤੇ ਸਪੇਸ ਪੱਖੋਂ ਸੀਮਿਤ ਅਰਥ-ਘੇਰੇ ਤੱਕ ਸਿਮਟੀ ਪ੍ਰਗਤੀਸ਼ੀਲ ਕਾਵਿ-ਧਾਰਾ ਨੂੰ ਬੌਧ ਦਾਰਸ਼ਨਿਕਾਂ, ਲੋਕਾਇਤਾਂ ਤੇ ਅਜੀਵਕਾਂ ਦੇ ਚਿੰਤਨ ਤੋਂ ਲੈ ਕੇ ਅਜੋਕੇ ਮਾਰਕਸਵਾਦੀ ਚਿੰਤਕਾਂ ਤੇ ਜਨਵਾਦੀ ਸਾਹਿਤਕਾਰਾਂ ਤੱਕ ਵਿਸਤਾਰ ਦਿੱਤਾ। ਇਉਂ ਉਸ ਨੇ ਸਮਕਾਲੀ ਪ੍ਰਗਤੀਸ਼ੀਲ ਕਵਿਤਾ ਦੇ ਤੇਵਰ ਜਾਂ ਖ਼ਮੀਰ ਤੇ ਮੁਹਾਵਰੇ ਨੂੰ ਤਬਦੀਲ ਹੀ ਨਹੀਂ ਕੀਤਾ, ਸਗੋਂ ਉਸ ਦੇ ਭਾਵ-ਖੇਤਰ (essence), ਭਾਸ਼ਾਈ ਸਮਰੱਥਾ ਅਤੇ ਅੰਦਾਜ਼ ਨੂੰ ਸੁਹਜ ਤੇ ਅਮੀਰੀ ਬਖ਼ਸ਼ੀ। ਸ਼ਾਇਦ ਇਸੇ ਕਰਕੇ ਪ੍ਰਿੰਸੀਪਲ ਸੁਜਾਨ ਸਿੰਘ, ਬਾਵੇ ਦੀ ਕਵਿਤਾ ਦੀ ਵਡਿਆਈ ਤੇ ਵਿਲੱਖਣਤਾ ਉਸ ਵਿਚਲੇ 'ਏਸ਼ੀਆਈ ਰੰਗ'[12] ਵਿਚ ਦੇਖਦਾ ਹੈ। ਬਾਵਾ ਬਲਵੰਤ ਦੀ ਕਵਿਤਾ ਦੇ ਖ਼ਮੀਰ ਅਤੇ ਅੰਦਾਜ਼ ਬਾਰੇ ਕਥਾਕਾਰ ਤੇ ਬਾਵੇ ਦੇ ਹਮ-ਪੱਲਾ ਅਮਰ ਸਿੰਘ ਦੀ ਇਹ ਟਿੱਪਣੀ ਗਹੁ-ਗੋਚਰੀ ਹੈ:

> ਬਾਵਾ ਬਲਵੰਤ ਦੀ ਰਚਨਾ ਸ਼ਾਸਤਰੀ (classical) ਮਨੋਗਤੀ ਦੀ ਕਾਵਿ-ਰਚਨਾ ਹੈ। ਇਥੇ ਇਹ ਨਹੀਂ ਸਮਝ ਲਿਆ ਜਾਣਾ ਚਾਹੀਦਾ ਹੈ ਕਿ ਬਾਵਾ ਕਿਸੇ ਪ੍ਰਾਚੀਨ ਕਾਵਿ ਪ੍ਰਨਾਲੀ, ਧਾਰਾ, ਰੀਤੀ ਜਾਂ ਸ਼ੈਲੀ ਦਾ ਧਾਰਨੀ ਜਾਂ ਸੰਚਾਲਕ ਹੈ। ਇਸ ਦੇ ਉਲਟ ਵਿਸ਼ੇ-ਵਸਤੂ, ਵਿਚਾਰਧਾਰਾ, ਕਾਵਿ-ਸ਼ੈਲੀ ਤੇ ਬਿੰਬਾਬਲੀ ਅਤੇ ਦ੍ਰਿਸ਼ਟੀਕੋਣ ਤੇ ਭਾਵੁਕ-ਪ੍ਰਬੰਧ ਦੇ ਪੱਖ ਤੋਂ ਉਹ ਆਧੁਨਿਕ ਤੇ ਨਵੀਨ ਕਵੀ ਹੈ। ਉਹ ਕਲਾਸੀਕਲ ਹੈ, ਆਤਮਾ ਦੇ ਪੱਖ ਤੋਂ, ਉਸ ਦੇ ਕਾਵਿ ਦੀ ਆਤਮਾ (spirit) ਸ਼ਾਸਤ੍ਰੀ ਪੱਧਤੀ ਦੀ ਲਖਾਇਕ ਹੈ।[13]

ਬਾਵਾ ਬਲਵੰਤ ਦੇ ਸਮਕਾਲੀ ਬਹੁਤੇ ਪ੍ਰਗਤੀਵਾਦੀ ਕਵੀਆਂ ਦਾ ਪ੍ਰੇਰਣਾ ਸਰੋਤ ਪੰਜਾਬ ਦਾ ਜੁਝਾਰੂ ਸਿੱਖ ਵਿਰਸਾ, ਕੌਮੀ ਸੁਤੰਤਰਤਾ ਸੰਗਰਾਮ ਦੇ ਨਾਇਕ, ਮਾਰਕਸਵਾਦੀ ਚਿੰਤਨ ਅਤੇ ਸੰਸਾਰ ਕਮਿਊਨਿਸਟ ਲਹਿਰ ਦੇ ਸਿਧਾਂਤਕਾਰ ਤੇ ਸੰਗਰਾਮੀਏ ਰਹੇ ਹਨ। ਉਹ ਭਾਰਤ ਦੀਆਂ ਦਾਰਸ਼ਨਿਕ ਤੇ ਧਰਮ-ਸ਼ਾਸਤਰੀ ਚਿੰਤਨ ਪਰੰਪਰਾਵਾਂ ਵਿਚਲੇ ਲੋਕ-ਪੱਖੀ ਅੰਸ਼ਾਂ, ਵਿਦਰੋਹੀ ਤੇ ਪ੍ਰਤਿ-ਚਿੰਤਨ (counter-ideologies) ਪਰੰਪਰਾਵਾਂ ਦੇ ਜਨਵਾਦੀ ਖ਼ਾਸੇ ਅਤੇ ਭਾਰਤੀ ਭਾਸ਼ਾਵਾਂ ਦੇ ਸਾਹਿਤ ਦੀ ਲੋਕਪੱਖੀ (pro-people) ਪਰੰਪਰਾ ਵਿਚਲੇ ਸੁਜੀਵ ਤੇ ਸਾਰਥਕ ਤੱਤਾਂ ਦੀ ਵਰਤੋਂ ਪ੍ਰਤੀ ਅਕਸਰ ਅਵੇਸਲੇ ਰਹੇ ਹਨ। ਬਾਵਾ ਬਲਵੰਤ ਖ਼ੁਦ ਇਸ ਗੱਲੋਂ ਸੁਚੇਤ ਸੀ ਕਿ ਆਪਣੀ ਦਾਰਸ਼ਨਿਕ ਤੇ ਧਾਰਮਿਕ ਪਰੰਪਰਾ, ਇਤਿਹਾਸ, ਮਿਥਿਹਾਸ ਤੇ ਪੌਰਾਨਿਕ ਸਾਹਿਤ 'ਚ ਪਈ ਲੋਕ-ਪੱਖੀ ਸਮੱਗਰੀ ਦੀ ਯੁਗ-ਅਨੁਕੂਲ ਪੁਨਰ-ਸਿਰਜਣਾ ਜਾਂ ਉਸ ਦੀ ਵਿਰਚਨਾ (deconstruction) ਦੁਆਰਾ ਲੋਕ-ਸੁਤਾ ਨੂੰ ਇਨਕਲਾਬੀ ਚੇਤਨਾ ਦੀ ਜਾਗ ਲਾਈ ਜਾ ਸਕਦੀ ਹੈ। ਹਰਕੇਵਲ ਸਿੰਘ ਕੇਵਲ ਦੇ ਕਾਵਿ-ਸੰਗ੍ਰਹਿ **'ਪੱਥਰ ਦੇ ਫੁੱਲ'** ਦੀ ਭੂਮਿਕਾ 'ਚ ਉਹ ਲਿਖਦਾ ਹੈ, "ਸਵੱਸਥ ਪਰੰਪਰਾ ਤੇ ਸ਼ਾਸਤ੍ਰੀਯ ਸਾਹਿਤ ਵਰਤਮਾਨ 'ਚ ਰਚਾਅ ਪੈਦਾ ਕਰਦਾ ਹੈ। ਤੇ ਨਾਲ ਹੀ ਕਵੀ ਦੇ ਅਨੁਭਵ, ਉਸ ਦੇ ਮਿਥੇ ਰੂਪਕ, ਉਪਮਾ ਤੇ ਅਲਾਮਤਾਂ ਨੂੰ ਪੁਖ਼ਤਾ ਕਰਦਾ ਹੈ।[14] ਸਾਡੀ ਜਾਚੇ ਬਾਵਾ ਬਲਵੰਤ ਨੂੰ ਪੰਜਾਬੀ ਭਾਸ਼ਾ 'ਚ ਲਿਖਣ ਵਾਲਾ ਭਾਰਤੀ ਅਵਚੇਤਨ ਦਾ ਕਵੀ ਕਹਿਣਾ ਅਤਿ-ਕਥਨੀ ਨਹੀਂ ਹੈ। ਉਸ ਨੇ ਸੰਪ੍ਰਦਾਇਕ ਚੇਤਨਾ ਅਤੇ ਇਤਿਹਾਸ ਪ੍ਰਤੀ ਇਕ ਕੇਂਦਰਵਾਦੀ ਪਹੁੰਚ ਦੀ ਸ਼ਿਕਾਰ ਹੋ ਰਹੀ ਪੰਜਾਬੀ ਕਵਿਤਾ ਦੀ ਭਾਰਤੀ ਇਤਿਹਾਸ, ਮਿਥਿਹਾਸ, ਪੌਰਾਣ ਅਤੇ ਲੋਕਵਾਦੀ ਪ੍ਰਤਿਰੋਧੀ ਚਿੰਤਨ ਪਰੰਪਰਾਵਾਂ ਨਾਲ ਟੁੱਟੀ ਗੰਢੀ।

ਬਾਵਾ ਬਲਵੰਤ ਦੀ ਰਚਨਾਤਮਿਕ ਸਾਧਨਾ ਦੇ ਰਾਜ਼ ਨੂੰ ਸਮਝਣ ਲਈ ਕੌਮੀ ਸੁਤੰਤਰਤਾ ਸੰਗਰਾਮ ਨਾਲ ਉਸ ਦੇ ਲਗਾਉ ਅੰਤਰ-ਰਾਸ਼ਟਰੀ ਕਮਿਊਨਿਸਟ ਲਹਿਰ ਦੇ ਉਭਾਰ ਤੇ ਕ੍ਰਾਂਤੀਕਾਰੀ ਸਾਹਿਤ ਦੇ ਅਧਿਐਨ ਤੋਂ ਪ੍ਰਾਪਤ ਨਵੀਂ

ਚੇਤਨਾ, ਕ੍ਰਿਸ਼ਨਾ ਨਾਲ ਉਸ ਦੀ ਅਸਫ਼ਲ ਮੁਹੱਬਤ, ਅੰਮ੍ਰਿਤਸਰ ਤੇ ਲਾਹੌਰ ਦੇ ਚਿੱਤਰਕਾਰਾਂ ਤੇ ਸਾਹਿਤਕਾਰਾਂ-ਖ਼ਾਸ ਕਰਕੇ ਖ਼ਵਾਜ਼ਾ ਅਬਦੁਲ ਰਹਿਮਾਨ ਚੁਗਤਾਈ, ਉਸਤਾਦ ਪਾਲ ਸਿੰਘ, ਅਮਰ ਸਿੰਘ, ਈਸ਼ਵਰ ਚਿੱਤਰਕਾਰ, ਚਿੱਤਰਕਾਰ ਕਰਤਾਰ ਸਿੰਘ ਸੁਮੇਰ, ਕੇ.ਸੀ. ਆਰੀਅਨ ਦੇਵੀ ਦਾਸ ਹਿੰਦੀ, ਸੁਜਾਨ ਸਿੰਘ, ਡਾ. ਹਰਚਰਨ ਸਿੰਘ, ਗਿਆਨੀ ਕੇਸਰ ਸਿੰਘ ਤੇ ਦੀਪਕ ਆਰਟਿਸਟ ਦੇ ਚੇਤ-ਅਚੇਤ ਪ੍ਰਭਾਵ, ਡਾ. ਇਕਬਾਲ ਦੇ ਖ਼ੁਦੀ ਦੇ ਫ਼ਲਸਫ਼ੇ ਤੋਂ ਪ੍ਰਾਪਤ ਪੂਰਬਵਾਦੀ ਦ੍ਰਿਸ਼ਟੀ ਅਤੇ ਹਿੰਦੀ ਦੇ ਛਾਯਾਵਾਦੀ ਕਵੀਆਂ-ਜੈ ਸ਼ੰਕਰ ਪ੍ਰਸਾਦਿ, ਨਿਰਾਲਾ, ਸੁਮਿੱਤਰਾ ਨੰਦਨ ਪੰਤ ਅਤੇ ਮਹਾਂਦੇਵੀ ਵਰਮਾ ਦੀ ਕਵਿਤਾ ਤੇ ਵਿਚਾਰਾਂ ਦੇ ਪ੍ਰਭਾਵ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਸਾਹਿਤ ਸਾਧਨਾ ਦੇ ਨਾਲ ਨਾਲ ਬਾਵਾ ਬਲਵੰਤ ਦੀ ਦਿਲਚਸਪੀ ਚਿਤਰਕਲਾ ਤੇ ਸ਼ਾਸਤਰੀ ਸੰਗੀਤ ਵਿਚ ਵੀ ਰਹੀ ਹੈ। ਜਦੋਂ ਬਾਵਾ ਗੱਤੇ ਦੇ ਡੱਬੇ ਬਣਾਉਣ ਦਾ ਕੰਮ ਕਰਦਾ ਸੀ ਤਾਂ ਉਸ ਦੀ ਬੈਠਕ ਦੇ ਨਾਲ ਵਾਲੇ ਕਮਰੇ 'ਚ ਉਸ ਵਕਤ ਦੇ ਮਸ਼ਹੂਰ ਰਾਗੀ ਭਾਈ ਪਰਮਾਨੰਦ ਜੀ, ਭਾਈ ਦੇਸਾ ਖਾਂ ਅਤੇ ਸਾਹਿਬ ਜਮਾਲ ਉਦ-ਦੀਨ ਖ਼ਾਂ ਰਿਆਜ਼ ਕਰਨ ਆਉਂਦੇ ਸਨ। ਸੰਗੀਤ ਪ੍ਰਤੀ ਗੁੱਝੀ ਅੰਦਰੂਨੀ ਖਿੱਚ ਕਾਰਨ ਬਾਵਾ ਉਨ੍ਹਾਂ ਦੀ ਸੰਗਤ ਵਿਚ ਜਾ ਬੈਠਦਾ ਤੇ ਸ਼ਾਸਤਰੀ ਸੰਗੀਤ ਦੀਆਂ ਬੰਦਿਸ਼ਾਂ ਨੂੰ ਸਮਝਣ ਮਾਨਣ ਦਾ ਯਤਨ ਕਰਦਾ। 'ਬਾਵਾ ਜੀ ਦੀ ਕਵਿਤਾ ਵਿਚ ਰਾਗ ਤੇ ਰਿਦਮ ਦੀ ਭਰਮਾਰ ਇਸੇ ਕਰਕੇ ਹੈ।[15] ਇਥੇ ਇਹ ਵੀ ਧਿਆਨ ਰਹੇ ਕਿ ਬਾਵਾ ਦੀ ਕਵਿਤਾ ਵਿਚ ਸ਼ਬਦ, ਚਿਤਰ ਤੇ ਰੰਗ ਇਕ ਦੂਜੇ ਵਿਚ ਘੁਲ ਜਾਂਦੇ ਹਨ। ਉਸ ਦੀਆਂ-'ਸਦਰ ਦਰਵਾਜ਼ਾ', 'ਊਠਾਂ ਵਾਲੇ' ਅਤੇ 'ਦੂਰ ਇਕ ਬਹਿਲੀ ਖੜ੍ਹੀ' ਵਰਗੀਆਂ ਨਜ਼ਮਾਂ ਸ਼ਾਬਦਿਕ ਚਿੱਤਰਕਾਰੀ ਦਾ ਹੀ ਪ੍ਰਭਾਵ ਸਿਰਜਦੀਆਂ ਹਨ। ਬਾਵਾ ਬਲਵੰਤ ਦੀ ਕਵਿਤਾ ਵਿਚ ਆਧੁਨਿਕਤਾ ਤੇ ਸ਼ਾਸਤਰੀਅਤਾ (classism), ਯਥਾਰਥਵਾਦ ਤੇ ਛਾਯਾਵਾਦ, ਗੋਚਰ ਜਗਤ ਦੇ ਸਥੂਲ ਪਾਸਾਰੇ ਤੇ ਪ੍ਰਕ੍ਰਿਤਕ ਸੁਹਜ ਦੇ ਅਨੂਪਮ ਰਹੱਸਾਂ, ਮਨੁੱਖੀ ਜੀਵਨ ਦੇ ਬਾਹਰਮੁਖੀ ਦਵੰਦਾਂ ਤੇ ਅਵਚੇਤਨੀ ਹਨੇਰੇ ਦੀ ਰਮਜ਼ਾਂ ਅਤੇ ਪੱਛਮੀ ਤੇ ਪੂਰਬੀ ਚਿੰਤਨ ਦੇ ਸੁਮੇਲ ਬਾਰੇ ਉਸ ਦੇ ਅਤਿ ਨੇੜਲੇ ਤੇ ਭਰੋਸੇਯੋਗ ਸਾਥੀ ਲੇਖਕਾਂ, ਕਲਾਕਾਰਾਂ-ਸੁਜਾਨ ਸਿੰਘ, ਪਾਲ ਸਿੰਘ ਤੇ ਅਮਰ ਸਿੰਘ ਦੀਆਂ ਗਵਾਹੀਆਂ ਵਧੇਰੇ ਕਾਰਗਰ ਜਾਪਦੀਆਂ ਹਨ :

> ਬਾਵਾ ਬਲਵੰਤ ਵਿਚਾਰਵਾਨ ਕਵੀ ਹੋਣ ਕਾਰਨ ਆਲੇ-ਦੁਆਲੇ ਨੂੰ ਗਹੁ ਨਾਲ ਦੇਖ ਰਿਹਾ ਸੀ। ਉਹ ਦੁਨੀਆਂ ਦੀਆਂ ਸਮੱਸਿਆਵਾਂ 'ਤੇ ਵਿਚਾਰ ਕਰ ਰਿਹਾ ਸੀ। ਇਹ ਧਾਰਾ ਕਵੀ ਦੀ ਛਾਇਆਵਾਦੀ ਧਾਰਾ ਦੇ ਨਾਲ ਨਾਲ ਵਹਿ ਰਹੀ ਸੀ। ਇਕ ਥਾਂ ਪਹੁੰਚ ਕੇ ਅਸਲਵਾਦੀ ਧਾਰਾ ਵਧ ਕੇ ਦਰਿਆ ਬਣ ਗਈ ਅਤੇ ਛਾਇਆਵਾਦੀ ਧਾਰਾ ਪਤਲੀ ਪੈ ਕੇ ਸੁੱਕ ਗਈ। ਪਰ ਜੋ ਸੁੰਦਰਤਾ, ਛਾਇਆਵਾਦੀ ਕਵੀ ਪੈਦਾ ਕਰਦੇ ਹਨ, ਉਹ ਬਾਵੇ ਦੇ ਅਸਲਵਾਦ ਵਿਚ ਆ ਗਈ।[16]

> ਉਸ ਦੀ [ਬਾਵਾ ਦੀ] ਕਵਿਤਾ ਬਾਹਰਮੁਖੀ ਜੀਵਨ ਘਟਨਾਵਾਂ ਦੀ ਹੀ ਵਿਆਖਿਆ ਨਹੀਂ ਕਰਦੀ, ਸਗੋਂ ਅੰਤਰਮੁਖੀ ਅਦ੍ਰਿਸ਼ਟ ਜੀਵਨ-ਦ੍ਰਿਸ਼ਾਂ ਨੂੰ ਵੀ ਸਾਡੇ ਸਾਹਮਣੇ ਪੇਸ਼ ਕਰਦੀ ਹੈ। ਇਹੋ ਕਾਰਨ ਹੈ ਕਿ ਜਦ ਇਹ ਕਵੀ ਆਪਣੇ ਖ਼ਿਆਲਾਂ ਦੇ ਵੇਗ ਦਾ ਕਾਂਟਾ ਅੰਦਰ ਵੱਲ ਬਦਲਦਾ ਹੈ ਤਾਂ ਬਾਹਰਲੀ ਦੁਨੀਆ ਦੇ ਰਸਕ ਬਾਹਰ ਖੜ੍ਹੇ ਹੀ ਹੱਥ ਮਲਦੇ ਰਹਿ ਜਾਂਦੇ ਹਨ, ਪਰ ਡੂੰਘੇ ਵਿਚਾਰਵਾਨ ਅੰਦਰਲੀ ਦੁਨੀਆ-ਜੋ ਬਾਹਰਲੀ ਨਾਲੋਂ ਕਿਤੇ ਵਧੇਰੇ ਸੁੰਦਰ ਤੇ ਮਨਮੋਹਨੀ ਹੈ-ਦਾ ਵੀ ਆਨੰਦ ਮਾਣਦੇ ਹਨ।...ਬਾਵਾ ਜੀ ਦੀ ਕਵਿਤਾ ਦਾ ਆਪਣਾ ਹੀ ਅਲੌਕਿਕ ਰੰਗ ਹੈ। ਉਹ ਹਰ ਚੀਜ਼ ਨੂੰ ਆਪਣੀ ਆਤਮਿਕ ਐਨਕ ਰਾਹੀਂ ਦੇਖਦਾ ਹੈ।... ਏਸ਼ਿਆਈ ਕਲਚਰ ਉਸ ਦੀ ਕਵਿਤਾ ਦੇ ਲੂੰ ਲੂੰ ਵਿਚੋਂ ਝਾਕਦੀ ਦਿਖਾਈ ਦਿੰਦੀ ਹੈ।[17]

> ਬਾਵਾ ਬਲਵੰਤ ਅਨੁਸਾਰ ਪੱਛਮ ਦੀ ਸੁਰਖ਼ੀ ਤੇ ਲਾਲੀ [ਹੀ] ਦੁਨੀਆ ਦੀ ਨਿਜਾਤ ਨਹੀਂ ਕਰ ਸਕਦੀ, ਇਸ ਲਈ ਪੂਰਬ ਦੀ ਰੂਹਾਨੀ ਲਾਲੀ ਦੀ ਲੋੜ [ਵੀ] ਪਵੇਗੀ। ਇਸੇ ਲਈ ਖ਼ੁਦੀ ਦਾ ਫਲਸਫ਼ਾ ਉਨ੍ਹਾਂ ਨੂੰ ਆਤਮਕ-ਸ਼ਕਤੀ ਨੂੰ ਉੱਚੇ ਕਰਨ ਦਾ ਫਲਸਫ਼ਾ ਦਿਸਿਆ ਹੈ ਤੇ ਉਨ੍ਹਾਂ ਨੇ ਇਸ ਨੂੰ ਅਪਣਾਇਆ ਹੈ।[18]

ਸਾਰੀ ਉਮਰ ਆਰਥਿਕ ਤੰਗੀ 'ਚ ਗੁਜ਼ਰ-ਬਸਰ ਕਰਨ ਵਾਲਾ ਬਾਵਾ ਬਲਵੰਤ ਖ਼ੁੱਦਾਰ ਰਚਨਾ-ਧਰਮੀ ਸੀ। ਉਹ ਆਪਣੀਆਂ ਸ਼ਰਤਾਂ ਉਤੇ ਜੀਣ ਵਾਲਾ ਕਲਾਕਾਰ ਸੀ। ਤਾਅ-ਉਮਰ ਉਹ ਸੱਤਾ ਦੇ ਗਲਿਆਰਿਆਂ ਤੇ ਸਰਕਾਰੀ ਤੰਤਰ ਦੇ ਲੁਭਾਉਣੇ ਛਲ-ਕਪਟ ਤੋਂ ਦੂਰ ਤੇ ਬੇਨਿਆਜ਼ ਰਿਹਾ। ਮੌਕਾ ਸਨਾਸ਼ ਤੇ ਸਮਝੌਤਾਵਾਦੀ ਮੱਧਵਰਗੀ ਬੁੱਧੀਜੀਵੀਆਂ ਤੇ ਕਲਾਕਾਰਾਂ ਦੀਆਂ ਨਸੀਹਤਾਂ ਤੇ ਸਮਝਾਉਣੀਆਂ ਉਸ ਨੂੰ ਰਾਸ ਨਾ ਆਈਆਂ। ਸੁਭਾਅ ਵੱਲੋਂ ਸੰਜਮੀ, ਸੰਕੋਚੀ, ਸ਼ਾਂਤ-ਚਿਤ ਪਰ ਧੁਰ ਅੰਦਰੋਂ ਸੁਦ੍ਰਿੜ ਤੇ ਸਜੱਗ ਹੋਣ ਕਰਕੇ, ਉਸ ਦਾ ਬਾਗ਼ੀ ਜ਼ਿਹਨ ਖ਼ੈਰਾਤ ਨੂੰ ਲਾਹਨਤ ਸਮਝਦਾ ਰਿਹਾ।

ਫ਼ਕੀਰਾਨਾ ਜੀਵਨ-ਜਾਚ ਤੇ ਮਲੰਗ ਤਬੀਅਤ ਕਰਕੇ ਉਸ ਨੇ ਸੱਤਾ ਤੇ ਮਾਇਆ-ਨਗਰੀ ਦੇ ਦਲਾਲਾਂ ਵੱਲ ਪਿੱਠ ਕਰੀ ਰੱਖੀ। ਸ਼ਬਦ-ਸਾਧਨਾ ਤੇ ਪੈਗ਼ੰਬਰੀ ਚੇਤਨਾ (ਕਲਾਕਾਰ ਦੀ ਕਰਤਾਰੀ ਹਉਂ) 'ਚੋਂ ਜਾਗੇ, ਉਸ ਅੰਦਰਲੇ 'ਬਾਗ਼ੀ' (ਆਕੀ) ਸਾਹਮਣੇ ਮੱਠਾਧਾਰੀਆਂ ਤੇ ਸੱਤਾਧਾਰੀਆਂ ਦੇ ਕਲਗ਼ੀਆਂ ਤੇ ਕਲਸ ਕੰਬਦੇ ਰਹੇ-'ਮੇਰੇ ਸਾਹਮਣੇ ਕਲਗੀਆਂ ਕਲਸ ਕੰਬਣ'। ਜਿਉਂਦੇ ਜੀਅ ਉਸ ਦੇ ਪੰਜ ਕਾਵਿ-ਸੰਗ੍ਰਹਿ ਤੇ ਇਕ ਨਿਬੰਧ ਸੰਗ੍ਰਿਹ ਹੀ ਛਾਪੇ ਦਾ ਜਾਮਾ ਪਹਿਨ ਸਕੇ। **'ਮਹਾਂ ਨਾਚ'** (1941 ਈ.), **'ਅਮਰ ਗੀਤ'** (1942 ਈ.), **'ਜਵਾਲਾਮੁਖੀ'** (1943 ਈ.), **'ਬੰਦਰਗਾਹ'** (1951 ਈ.), **'ਸੁਗੰਧ ਸੁਮੀਰ'** (1959 ਈ.) ਅਤੇ ਵਾਰਤਕ ਰਚਨਾ -**'ਕਿਸ ਕਿਸ ਤਰ੍ਹਾਂ ਦੇ ਨਾਚ'** (1957 ਈ.)। ਬਾਵਾ ਬਲਵੰਤ ਦੇ ਦੇਹਾਂਤ ਉਪਰਾਂਤ ਉਸ ਦੀਆਂ ਕੁਝ ਨਜ਼ਮਾਂ **ਤੇ** ਦੋ ਨਿਬੰਧ ਸੰਗ੍ਰਹਿ ਪ੍ਰਕਾਸ਼ਿਤ ਹੋਏ। ਡਾ. ਗੁਰਮੁਖ ਸਿੰਘ ਨੇ ਬਾਵਾ ਦੀ ਵਾਰਤਕ ਨੂੰ- **'ਬਾਵਾ ਬਲਵੰਤ ਦੀ ਚੋਣਵੀਂ ਗਦ ਰਚਨਾ'** (1993 ਈ.) ਅਤੇ **'ਰਾਗ ਤੇ ਰੰਗ ਦਾ ਨੂਰ ਤੇ ਹੋਰ ਲੇਖ'** (2005 ਈ.) ਪੁਸਤਕਾਂ ਵਿਚ ਸੰਪਾਦਿਤ ਕੀਤਾ ਹੈ। ਬਾਵਾ ਬਲਵੰਤ ਦੀ ਕਵਿਤਾ ਦਾ ਕੇਂਦਰੀ ਸੂਤਰ ਧਰਤੀ ਦਾ ਸੱਚ ਤੇ ਕਿਰਤ 'ਚ ਰੁੱਝੇ ਚੇਤੰਨ ਮਨੁੱਖ ਹਨ।ਆਪਣੇ ਪਹਿਲੇ ਹੀ ਕਾਵਿ-ਸੰਗ੍ਰਹਿ ਵਿਚ ਉਸ ਨੇ ਆਪਣੇ ਰਚਨਾ-ਧਰਮ ਵੱਲ ਇਸ਼ਾਰਾ ਇੰਜ ਕੀਤਾ ਸੀ।

ਜ਼ਿੰਦਗੀ ਦਾ ਫ਼ਲਸਫ਼ਾ ਰਗ ਰਗ 'ਚ ਹੈ / ਕਿਉਂ ਨਾ ਗਾਵਾਂ ਜ਼ਿੰਦਗੀ ਹੀ ਜ਼ਿੰਦਗੀ?
ਨੂਰ ਜਦ ਮਿਲਿਆ ਹੈ ਮੇਰੀ ਖ਼ਾਕ ਨੂੰ / ਕਿਉਂ ਨਾ ਦੇਵਾਂ ਰੌਸ਼ਨੀ ਹੀ ਰੌਸ਼ਨੀ ? . . .
ਨਾਜ਼ ਕਰ ਸਕਦਾ ਹਾਂ ਆਪਣੇ ਆਪ 'ਤੇ / ਮੈਂ ਵੀ ਹਾਂ ਇਸ ਖ਼ਾਕ 'ਤੇ ਇਕ ਆਦਮੀ
ਇਸ ਅਨੂਪਮ-ਖ਼ਾਕ 'ਚੋਂ ਚੜ੍ਹਿਆ ਰਵੀ / ਸਭ ਤੋਂ ਪਹਿਲਾਂ ਉਹ ਜ਼ਮਾਨੇ ਦਾ ਕਵੀ
ਜਿਸ ਨੇ ਲੱਖਾਂ ਹੀ ਬਣਾਏ ਰਾਮ ਹਨ / ਜਿਸਦੇ ਅੱਖਰ ਜ਼ਿੰਦਗੀ ਦੇ ਜਾਮ ਹਨ-
ਕਿਉਂ ਨਾ ਗਾਵਾਂ ਜ਼ਿੰਦਗੀ ਹੀ ਜ਼ਿੰਦਗੀ?[19]

ਬਾਵਾ ਬਲਵੰਤ ਨੇ ਆਪਣੇ ਖ਼ਤਾਂ, ਮੁਲਾਕਾਤਾਂ, ਸਮਕਾਲੀ ਕਵੀਆਂ ਦੇ ਕਾਵਿ-ਸੰਗ੍ਰਹਿਾਂ ਦੀਆਂ ਭੂਮਿਕਾਵਾਂ, ਆਪਣੇ ਨਿਬੰਧਾਂ ਤੇ ਕਵਿਤਾਵਾਂ ਵਿਚ ਆਪਣੀ ਸਿਰਜਣਾ ਦੇ ਪ੍ਰੇਰਨਾ-ਸਰੋਤਾਂ, ਰਚਨਾ-ਧਰਮ ਦੇ ਮਨੋਰਥ ਅਤੇ ਸਿਰਜਣ ਦੀ ਪ੍ਰਕਿਰਿਆ ਵਾਰੇ ਇਸ਼ਾਰੇ ਕੀਤੇ ਹਨ। ਚੇਤੰਨ ਤੇ ਪ੍ਰਤਿਬੱਧ ਪ੍ਰਗਤੀਵਾਦੀ ਕਵੀ ਹੋਣ ਕਰਕੇ ਉਹ ਕਾਵਿ-ਸਿਰਜਣਾ ਨੂੰ ਵਡੇਰੇ ਮਾਨਵੀ, ਅਸਤਿੱਤਵਕ ਤੇ ਸਮਾਜਕ ਆਦਰਸ਼ਾਂ ਦੀ ਪੂਰਤੀ ਦੇ ਸਾਧਨ ਵਜੋਂ ਚਿਤਵਦਾ ਸੀ। ਉਹ ਕਲਾ ਸਿਰਜਣਾ ਨੂੰ ਮਨੁੱਖ ਦੀ ਕਿਰਤ ਪ੍ਰਕਿਰਿਆ ਦੇ ਇਕ ਸੂਖ਼ਮ ਤੇ ਸੁਹਜਾਤਮਕ ਰੂਪ ਵਜੋਂ ਹੀ ਦੇਖਦਾ ਸੀ। ਉਹ ਕਵੀ ਤੇ ਉਸ ਦੇ 'ਕਰਮ' (ਸਿਰਜਣਾ) ਨੂੰ ਵਿਆਪਕ ਸਮਾਜਕ-ਰਾਜਸੀ ਵਰਤਾਰੇ ਪ੍ਰਤੀ ਮਨੁੱਖ ਦੇ ਭਾਵਨਾਤਮਕ ਤੇ ਵਿਚਾਰਧਾਰਕ ਪ੍ਰਤਿ-ਉਤਰ ਵਜੋਂ ਪ੍ਰਭਾਸ਼ਿਤ ਕਰਦਾ ਹੋਇਆ ਲਿਖਦਾ ਹੈ ; "ਦੇਸ਼ ਦੀ ਰਾਜਨੀਤੀ ਦਾ, ਆਰਥਿਕ ਹਾਲਤ ਦਾ, ਬਲਕਿ ਸਾਰੇ ਸੰਸਾਰ ਦੀ ਹਿਲਜੁਲ ਦਾ ਕਵੀ ਦੇ ਮਨ 'ਤੇ ਅਸਰ ਪੈਂਦਾ ਹੈ। ਕਵੀ ਵੱਖ-ਵੱਖ ਉਠਦੀਆਂ ਲੋਕ ਲਹਿਰਾਂ ਦਾ ਅਸਰ ਵੀ ਗੁੱਝੇ ਤੌਰ 'ਤੇ ਕਬੂਲ ਕਰਦਾ ਹੈ।"[20] ਬਾਵਾ ਬਲਵੰਤ ਨੇ ਵਿਸ਼ਵ ਵਿਆਪੀ ਕੌਮੀ ਮੁਕਤੀ ਲਹਿਰਾਂ, ਸੰਸਾਰ ਕਮਿਊਨਿਸਟ ਲਹਿਰ, ਭਾਰਤ ਦੇ ਸੁਤੰਤਰਤਾ ਸੰਗਰਾਮ, ਵਿਸ਼ਵ ਅਮਨ ਲਹਿਰ, ਸੁਤੰਤਰਤਾ ਬਾਅਦ ਉਠੀਆਂ ਲੋਕ-ਲਹਿਰਾਂ ਦੇ ਨਾਲ-ਨਾਲ ਕ੍ਰਿਸ਼ਨਾ ਨਾਲ ਨਾਕਾਮ ਮੁਹੱਬਤ 'ਚੋਂ ਮਿਲੇ ਗ਼ਮ ਤੇ ਵਿਸ਼ਾਦ ਨੂੰ ਆਪਣੀ ਕਵਿਤਾ ਦੇ ਪ੍ਰੇਰਨਾ ਸਰੋਤ ਵਜੋਂ ਤਸਲੀਮ ਕੀਤਾ ਹੈ- 'ਕਿਸੇ ਦੀ ਚੁੱਪ ਨੇ ਮੈਨੂੰ ਬਣਾਇਆ ਗੀਤਕਾਰ ਆਖਰ।' ਆਰਥਿਕ ਨਾ-ਬਰਾਬਰੀ, ਆਸਾਵੀਂ ਵੰਡ, ਜਾਤੀ-ਜਮਾਤੀ ਵਿਤਕਰਿਆਂ ਅਤੇ ਸਮਾਜਿਕ-ਨਿਆਂ ਤੋਂ ਸੱਖਣੇ ਪੂੰਜੀਵਾਦੀ ਪ੍ਰਬੰਧ ਵਿਚ ਮੁਹੱਬਤ ਦਾ ਕੀ ਹਸ਼ਰ ਹੁੰਦਾ ਹੈ? ਇਸ ਬਾਰੇ ਸੁਚੇਤ ਹੋਣ ਕਰਕੇ ਬਾਵੇ ਨੇ ਆਪਣੇ ਪਿਆਰ ਦੀ ਅਸਫ਼ਲਤਾ ਨੂੰ ਸ਼ਿਵ ਕੁਮਾਰ ਬਟਾਲਵੀ ਵਾਂਗ ਮਨੋ-ਰੋਗ ਜਾਂ ਮਾਨਸਿਕ ਗੰਢ ਨਹੀਂ ਬਣਨ ਦਿੱਤਾ। ਬਾਵੇ ਦੀ ਆਰਥਿਕ ਮੰਦਹਾਲੀ ਅਮੀਰ ਸਿੰਧੀ ਪਰਿਵਾਰ ਦੀ ਕੁੜੀ ਕ੍ਰਿਸ਼ਨਾ ਨਾਲ ਮੁਹੱਬਤ ਦੇ ਰਿਸ਼ਤੇ ਵਿਚ ਰੁਕਾਵਟ ਬਣੀ। ਕ੍ਰਿਸ਼ਨਾ ਨੂੰ ਮੁਖ਼ਾਤਿਬ ਹੋ ਕੇ ਲਿਖੀਆਂ ਨਜ਼ਮਾਂ-'ਕ੍ਰਿਸ਼ਨਾ ਦੇ ਆਉਣ ਤੇ' (**ਮਹਾਂ ਨਾਚ**), ਪ੍ਰਦੇਸ਼ਣ ਕ੍ਰਿਸ਼ਨਾ ਨੂੰ (**ਅਮਰ ਗੀਤ**) ਅਤੇ 'ਗਿਆਨ ਕ੍ਰਿਸ਼ਨਾ (**ਬੰਦਰਗਾਹ**) ਤੋਂ ਬਿਨਾਂ ਬਾਵਾ ਬਲਵੰਤ ਦੀਆਂ ਕਈ ਹੋਰ ਨਜ਼ਮਾਂ ਤੇ ਪ੍ਰਗੀਤਾਂ ਵਿਚ ਬਾਵੇ ਦੀ ਉਸ ਨਾਲ ਸੱਚੀ ਮੁਹੱਬਤ ਤੇ ਗਹਿਰੇ ਆਤਿਮਕ ਰਿਸ਼ਤੇ ਦਾ ਜ਼ਿਕਰ ਹੈ। ਪ੍ਰਮਾਣ ਵਜੋਂ- ਸੁਨਹਿਰੀ ਸ਼ਾਮ, ਤਾਰਿਆਂ ਭਰੀ ਰਾਤ, ਹਮਦਰਦਣ ਨੂੰ, ਮੇਰੇ ਘਰ ਦੇ ਸਾਹਮਣੇ (**ਮਹਾਂ ਨਾਚ**), ਮੁਹੱਬਤ, ਬੰਦਰਗਾਹ, ਊਠਾਂ ਵਾਲੇ, ਪ੍ਰਿਥਮ ਮੇਲ (**ਬੰਦਰਗਾਹ**) ਆਦਿ ਨਜ਼ਮਾਂ ਪੜ੍ਹੀਆਂ ਜਾ ਸਕਦੀਆਂ ਹਨ :

ਮੈਂ ਸੌ ਸੌ ਵਾਰ ਜਾਂਦਾ ਹਾਂ ਸੁਨਹਿਰੀ ਸ਼ਾਮ ਦੇ ਸਦਕੇ
ਜਦੋਂ ਉਹ ਆਪ ਆਏ ਸਨ ਕਿਸੇ ਚਾਹਵਾਨ ਦੇ ਘਰ ਤਕ। . . .
ਬੜੇ ਰਮਣੀਕ ਸਨ ਬਾਜ਼ਾਰ ਦੀਵੇ ਜਗਣ ਵਾਲੇ ਸਨ

ਪਰ ਇਸ ਵੇਲੇ ਅਚਾਨਕ ਹੁਸਨ ਦਾ ਸੂਰਜ ਨਿਕਲ ਆਇਆ।
ਮੇਰੇ ਦਿਲ ਤੱਕ ਉਜਾਲਾ ਹੋ ਗਿਆ, ਲੂੰ ਲੂੰ ਗਰਮਾਇਆ
ਇਸੇ ਹੀ ਸੂਰਤ ਨੂੰ ਸ਼ਾਇਦ ਤੜਪਦੇ ਉਹ ਗਗਨ ਵਾਲੇ ਸਨ।[21]

ਕੋਈ ਚਾਨਣ ਕੁੜੀ ਬਣ ਮੇਰੇ ਦਿਲ-ਗੌਤਮ ਲਈ ਆਇਆ,
ਮੇਰਾ ਜੀਵਨ-ਹਨੇਰਾ ਦੌੜਿਆ, ਖ਼ਬਰੇ ਹਵਾ ਹੋਇਆ।
ਮੈਂ ਪਲ ਦੀ ਪਲ ਤਾਂ ਉਸ ਵੇਲੇ ਸਾਂ ਬੰਦੇ ਤੋਂ ਖ਼ੁਦਾ ਹੋਇਆ।[22]

ਤੂੰ ਜਦ ਆਈ ਇਸ ਵਾਰ / ਮੇਰੇ ਸੁੰਨ ਦੀਪ ਵਿਚ ਆਈ
ਰਹਿਮਤ ਭਰੀ ਬਹਾਰ / ਮੌਨ ਪਏ ਮੇਰੇ ਦਿਲ ਕਾਰਨ
ਜੀਵਨ-ਅਹੱਲਿਆ-ਸਿਲ ਕਾਰਨ / ਲੈ ਕੇ ਮੁਕਤੀ-ਛੁਹ ਪੈਰਾਂ ਵਿਚ
ਆਏ ਰਾਮ ਅਵਤਾਰ / ਤੂੰ ਇੰਜ ਆਈ ਇਸ ਵਾਰ।[23]

ਮੈਂ ਮੁਹੱਬਤ ਉਸ ਨੂੰ ਕਰਦਾ ਹੀ ਰਿਹਾ / ਰੋਜ਼ ਜਿਉਂਦਾ ਰੋਜ਼ ਮਾਰਦਾ ਹੀ ਰਿਹਾ
ਪਰ ਊਸ਼ਾ ਮੇਰੀ ਨੂੰ ਨਫ਼ਰਤ ਹੀ ਰਹੀ / ਪ੍ਰੀਤ ਮੇਰੀ ਫੇਰ ਵੀ ਜੀਵਤ ਰਹੀ।. . .
ਹੇ ਮੁਹੱਬਤ ਤੇਰੀ ਛੁਹ ਤੋਂ ਹੀ ਕਦੀ / ਆਦਮੀ ਹੋਵੇਗਾ ਪੂਰਨ ਆਦਮੀ
ਇਸ ਲਈ ਨਫ਼ਰਤ ਨੂੰ ਜਰਦਾ ਹੀ ਰਿਹਾ / ਮੈਂ ਮੁਹੱਬਤ ਉਸ ਨੂੰ ਕਰਦਾ ਹੀ ਰਿਹਾ।[24]

ਲੰਘ ਗਏ ਹਨ ਊਠਾਂ ਵਾਲੇ / ਅਰਸ਼ਾਂ ਤਕ ਪਰਛਾਵੇਂ ਪਾ ਕੇ
ਮਾਰੂਥਲ ਦੇ ਥੰਮ੍ਹ ਹਿਲਾ ਕੇ / ਲੰਘੇ ਨਕਸ਼ ਸਦੀਵੀ ਦੇ ਕੇ
ਤਰਦੇ ਰੇਤ 'ਚ ਬੇੜੀ ਖੇ ਕੇ।[25]

ਉਸ ਉਪਬਨ ਵਿਚ ਕਦਰ ਨਾ ਤੇਰੀ
ਜੋਤੀ ਮੇਰੀ ! / ਉਸ ਉਪਬਨ, ਉਸ ਮਾਰੂਥਲ ਵਿਚ
ਉਸ ਜੰਗਲ ਵਿਚ / ਕੌਣ ਪਛਾਣੇ ਤੈਨੂੰ ਹਿਰਦੇ-ਸਿੱਪ ਦੇ ਮੋਤੀ
ਕਵਿਤਾ-ਜੋਤੀ।. . .
ਬੇਕਦਰੇ ਪਰਦੇਸ 'ਚੋਂ ਆ ਜਾ / ਮੇਰੇ ਆਪਣੇ ਦੇਸ 'ਚ ਆ ਜਾ।[26]

ਬਾਵਾ ਬਲਵੰਤ ਅਨੁਸਾਰ ਪਿਆਰ ਦੋ ਵਿਰੋਧੀ ਲਿੰਗਾਂ ਦੀ ਪ੍ਰਕਿਰਤਕ ਇੰਦ੍ਰਿਆਵੀ ਖਿੱਚ ਵੀ ਹੈ ਅਤੇ ਆਤਮਿਕ ਮਸਲਾ ਵੀ। ਪੂੰਜੀਵਾਦੀ ਸਮਾਜਕ ਵਿਵਸਥਾ ਵਿਚ ਜਿਵੇਂ ਆਮ ਆਦਮੀ ਆਪਣੀ ਕਿਰਤ ਤੋਂ ਟੁੱਟਿਆ ਤੇ ਉਜਰਤ ਤੋਂ ਮਹਿਰੂਮ ਹੁੰਦਾ ਹੈ, ਉਵੇਂ ਉਹ ਜੀਵਨ ਸਾਥੀ ਦੀ ਚੋਣ ਜਿਹੇ ਭਾਵੁਕ ਮਸਲੇ ਵਿਚ ਵੀ ਸੁਤੰਤਰ ਨਹੀਂ ਹੁੰਦਾ। ਕਿਰਤ ਤੇ ਸਿਰਜਣਾ ਦੀ ਸੁਤੰਤਰਤਾ ਵਾਂਗ ਮੁਹੱਬਤ ਦੀ ਸਫ਼ਲਤਾ ਵੀ ਮਨੁੱਖ ਨੂੰ 'ਸੰਪੂਰਨ' ਬਣਾਉਂਦੀ ਹੈ। ਕਿਰਤ ਅਤੇ ਮੁਹੱਬਤ ਦੋਵੇਂ ਵਿਅਕਤੀ ਨੂੰ ਨਿੱਜਤਵ ਦੀ ਕੀਲ ਤੋਂ ਮੁਕਤ ਕਰਕੇ ਦੂਜਿਆਂ ਲਈ ਜੀਣਾ-ਥੀਣਾ ਸਿਖਾਉਂਦੇ ਹਨ। ਇਹ ਦੋਵੇਂ ਮਨੁੱਖ ਦੇ ਸਵੈ ਦਾ ਵਿਸਤਾਰ ਕਰਦੇ ਹਨ, ਉਸ ਨੂੰ 'ਸਮਾਜਕ' ਬਣਾਉਂਦੇ ਹਨ। ਬਾਵਾ ਬਲਵੰਤ ਆਪਣੀ ਪ੍ਰੇਮਿਕਾ ਨੂੰ 'ਗਿਆਨ ਕ੍ਰਿਸ਼ਨਾ' ਤੇ ਉਸ ਦੀ ਆਮਦ ਨੂੰ 'ਰਹਿਮਤ ਭਰੀ ਬਹਾਰ' ਜਾਂ 'ਊਸ਼ਾ ਦੀ ਲੋਅ' ਕਹਿੰਦਾ ਹੈ। ਉਹ ਕਿਰਤ ਅਤੇ ਸੱਚੀ ਮੁਹੱਬਤ ਨੂੰ ਮਾਨਵ ਜਾਤੀ ਦੀ ਮੁਕਤੀ ਦੇ ਸਾਧਨ ਵਜੋਂ ਚਿਤਵਦਾ ਹੈ। ਡਾ. ਧਰਮਪਾਲ ਸਿੰਗਲ ਨੂੰ ਲਿਖੇ ਇਸ ਖ਼ਤ ਵਿਚ ਉਹ ਮੁਹੱਬਤ ਨੂੰ ਸਿਰਜਣਾਤਮਕ ਊਰਜਾ ਤੇ ਮੁਕਤੀ ਦੇ ਸਰੋਤ ਵਜੋਂ ਹੀ ਦੇਖਦਾ ਹੈ :

> ਕ੍ਰਿਸ਼ਨਾ ਇਕ ਜਿਉਂਦੀ ਜਾਗਦੀ ਹਸਤੀ ਹੈ ਤੇ ਮੈਂ ਏਸ ਧਰਤੀ 'ਤੇ ਵਸਣ ਵਾਲੀ ਕੁੜੀ ਨੂੰ ਪਿਆਰ ਕੀਤਾ ਹੈ। ਖ਼ਿਆਲੀ ਪਿਆਰ ਉਹ ਹੈ, ਜੋ ਤਸੱਵੁਰ ਕੀਤੇ ਗਏ ਕਿਸੇ ਵਿਅਕਤੀ ਨਾਲ ਕੀਤਾ ਜਾਏ।...ਕ੍ਰਿਸ਼ਨਾ ਨਾਲ ਮੇਰਾ ਮਾਨਸਿਕ ਪਿਆਰ ਹੈ। ਮੇਰਾ ਮਨ ਮੰਨਦਾ ਹੈ, ਮੇਰੀ ਰੂਹ ਉਸ ਨੂੰ ਚਾਹੁੰਦੀ ਹੈ।...ਤਦੇ ਤਾਂ ਮੈਂ ਸਾਰੀ ਉਮਰ ਉਸ ਨੂੰ ਪਿਆਰ ਕਰਦਾ ਰਿਹਾ ਹਾਂ। ਮੈਂ ਕ੍ਰਿਸ਼ਨਾ ਦਾ ਨਾਂ ਲੈ ਕੇ ਕਵਿਤਾਵਾਂ ਲਿਖੀਆਂ ਹਨ। ਪੰਜਾਬੀ ਦੇ ਸ਼ਾਇਦ ਹੀ ਕਿਸੇ ਹੋਰ ਕਵੀ ਨੇ ਇਸ ਤਰ੍ਹਾਂ ਦਾ ਸੱਚ ਲਿਖਿਆ ਹੋਵੇ। ਉਹ ਜਿਉਂਦੀ ਜਾਗਦੀ ਹਸਤੀ ਮੇਰੀ ਕਵਿਤਾ ਦਾ ਸੋਮਾ ਤੇ ਪ੍ਰੇਰਣਾ ਹੈ।[27]

ਬਾਵਾ ਬਲਵੰਤ ਦਾਰਸ਼ਨਿਕ ਮੁਦਰਾ ਵਾਲਾ ਸੁਚੇਤ ਰਾਜਸੀ ਕਵੀ ਹੈ। ਉਸ ਨੇ ਪੂਰਬੀ ਤੇ ਪੱਛਮੀ ਦਾਰਸ਼ਨਿਕ ਪਰੰਪਰਾਵਾਂ ਤੇ ਰਾਜਸੀ, ਸਮਾਜੀ ਚਿੰਤਨ ਚੇਤਨਾ ਨੂੰ ਆਤਮਸਾਤ ਕਰਕੇ, ਆਪਣੀ ਕਵਿਤਾ ਵਿਚ ਯੁਗਾਨਕੂਲ ਮੁਹਾਵਰੇ ਵਿਚ ਢਾਲਿਆ ਹੈ। ਪਾਬਲੋ ਨੇਰੂਦਾ ਤੇ ਫ਼ੈਜ਼ ਅਹਿਮਦ ਫ਼ੈਜ਼ ਵਾਂਗ ਉਹ ਵੀ ਦਰਪੇਸ਼ ਰਾਜਸੀ-ਸਮਾਜਕ ਮਸਲਿਆਂ ਨੂੰ ਇਸ਼ਕ ਦੀ ਭਾਵਨਾ-ਮੂਲਕ ਪੁੱਠ ਦੇ ਕੇ ਰਸਿਕ ਸ਼ੈਲੀ ਵਿਚ ਰੂਪਮਾਨ ਕਰਦਾ ਹੈ। ਉਹ ਕੋਰੇ ਫ਼ਲਸਫ਼ਈ ਗਿਆਨ ਨਾਲੋਂ ਮਨੁੱਖੀ ਭਾਵਨਾਵਾਂ ਨੂੰ ਵਧੇਰੇ ਅਹਿਮੀਅਤ ਦਿੰਦਾ ਹੈ-'ਇਹ ਫ਼ਲਸਫਾ ਖ਼ਿਆਲੀ, ਬਿਨਾ ਜਿੰਦ ਜਾਨ ਤੋਂ/ਬੇੜੇ ਡੋਬਦਾ ਰਿਹਾ, ਇਸ਼ਕ ਤਾਰਦਾ ਰਿਹਾ/ਤੇਰਾ ਮੇਲ ਕੋਈ ਜਜ਼ਬਾ ਪੁਕਾਰਦਾ ਰਿਹਾ।'[28] ਬਾਵਾ ਬਲਵੰਤ ਅਨੁਸਾਰ ਮੁਹੱਬਤ ਦੀ ਤਾਂਘ ਤੇ ਪਿਆਰੇ ਨੂੰ ਮਿਲਣ ਦਾ ਤਸੱਵੁਰ ਮਨੁੱਖ ਨੂੰ ਇਨਸਾਨ ਦੋਸਤੀ ਦਾ 'ਦਰਸ' ਦੇ ਕੇ ਬੰਦੇ ਤੋਂ ਦੇਵਤਾ ਬਣਾਉਂਦਾ ਹੈ :

ਤਸੱਵੁਰ ਨੇ ਬਣਾਇਆ ਦੇਵਤਾ ਮੈਨੂੰ ਸਚਾਈ ਦਾ / ਤਸੱਵਰ ਵਿਚ ਤੇਰੇ ਮੈਂ ਕੌਣ ਹਾਂ, ਕੀ ਬਣਦਾ ਜਾਂਦਾ ਹਾਂ
ਤਸੱਵੁਰ ਵਿਚ ਤੇਰੇ ਬ੍ਰਹਿਮੰਡ ਨੂੰ ਗੋਦੀ ਖਿਡਾਂਦਾ ਹਾਂ / ਤਸੱਵਰ ਨੇ ਤੇਰੇ ਦਰਦੀ ਬਣਾਇਆ ਹੈ ਖ਼ੁਦਾਈ ਦਾ।[29]

ਪੂਰਬੀ ਤੇ ਪੱਛਮੀ ਦਾਰਸ਼ਨਿਕ ਤੇ ਧਰਮ-ਸ਼ਾਸਤਰੀ ਪਰੰਪਰਾਵਾਂ ਦੇ ਪੁਖਤਾ ਗਿਆਨ ਕਰਕੇ ਬਾਵਾ ਭਾਵੇਂ ਆਪਣੇ ਆਪ ਨੂੰ ਬੁੱਧ, ਨਾਨਕ, ਰੂਸੋ, ਸਰਮਦ, ਮਾਰਕਸ, ਲੈਨਿਨ, ਟ੍ਰਾਟਸਕੀ ਅਤੇ ਡਾ. ਇਕਬਾਲ ਵਰਗੇ ਮਾਨਵ-ਹਿਤੈਸ਼ੀ ਚਿੰਤਕਾਂ ਦੀ ਪਾਲ ਵਿਚ ਖਲੋਤਾ ਮਹਿਸੂਸ ਕਰਦਾ ਹੈ, ਪਰ ਉਸ ਦੀ ਮੂਲ ਵਿਚਾਰਧਾਰਕ ਪ੍ਰੇਰਨਾ ਮਾਰਕਸਵਾਦੀ ਦਰਸ਼ਨ, ਸੰਸਾਰ ਕਮਿਊਨਿਸਟ ਲਹਿਰ ਦਾ ਸ਼ਾਨਾਮੱਤਾ ਸੰਗਰਾਮੀ ਇਤਿਹਾਸ ਅਤੇ ਭਾਰਤ ਦੇ ਕੌਮੀ ਸੁਤੰਤਰਤਾ ਸੰਗਰਾਮ ਤੇ ਖੱਬੇ ਪੱਖੀ ਲਹਿਰ ਦਾ ਜੁਝਾਰੂ ਅਮਲ ਹੈ। ਭਾਵੇਂ ਬਾਵਾ ਭਾਰਤ ਦੀ ਕਿਸੇ ਕਮਿਊਨਿਸਟ ਪਾਰਟੀ ਜਾਂ ਉਸ ਦੇ ਕਿਸੇ ਜਨਤਕ ਸੰਗਠਨ ਦਾ ਸਰਗਰਮ ਰਾਜਸੀ ਕਾਰਕੁੰਨ ਨਹੀਂ ਸੀ, ਪਰ ਉਸ ਦੀ ਹਮਦਰਦੀ ਤੇ ਪ੍ਰਤਿਬੱਧਤਾ ਕੌਮੀ ਤੇ ਕੌਮਾਂਤਰੀ ਕਮਿਊਨਿਸਟ ਲਹਿਰ ਨਾਲ ਸੀ। ਮਾਰਕਸਵਾਦੀ ਦਰਸ਼ਨ, ਸੰਸਾਰ ਕਮਿਊਨਿਸਟ ਲਹਿਰ ਵਿਚ ਆਉਂਦੇ ਵਿਚਾਰਧਾਰਕ ਉਤਰਾ-ਚੜ੍ਹਾਅ ਅਤੇ ਭਾਰਤ ਦੀ ਖੱਬੇ ਪੱਖੀ ਸਿਆਸਤ ਵਿਚਲੀਆਂ ਹਲਚਲਾਂ, ਨਿਰਸੰਦੇਹ, ਉਸ ਦੇ ਵਿਚਾਰਾਂ ਤੇ ਕਾਵਿ-ਸਿਰਜਣਾ ਨੂੰ ਪ੍ਰਭਾਵਤ ਕਰਦੀਆਂ ਰਹੀਆਂ ਹਨ ਪਰ ਮਾਰਕਸਵਾਦੀ ਵਿਚਾਰਧਾਰਾ ਅਤੇ ਖੱਬੀ ਪੱਖੀ ਲਹਿਰ ਨਾਲ ਉਸ ਦਾ ਰਿਸ਼ਤਾ ਸ਼ਰਧਾਲੂ ਭਾਂਤ ਦੇ ਪਿਛਲੱਗ ਵਾਲਾ ਨਹੀਂ ਸੀ। ਸਮਕਾਲੀ ਇਤਿਹਾਸਕ ਸਮਾਜਕ ਅਨੁਭਵ-ਸਾਰ ਤੇ ਇਤਿਹਾਸ ਦੇ ਵੇਗ ਬਾਰੇ ਸਹੀ ਦਵੰਦਾਤਮਕ ਪਹੁੰਚ ਅਤੇ ਪੂੰਜੀਵਾਦੀ ਵਿਵਸਥਾ ਦੇ ਖ਼ਾਸੇ ਤੇ ਉਸ ਅੰਦਰਲੇ ਦਵੰਦਾਂ ਦੀ ਸਹੀ ਸਮਝ ਕਰਕੇ ਬਾਵਾ ਬਲਵੰਤ ਦਾ ਇਹ ਯਕੀਨ ਸੀ ਕਿ ਆਉਣ ਵਾਲਾ ਯੁੱਗ ਕਿਰਤੀਆਂ ਤੇ ਸਮਾਜਵਾਦੀ ਇਨਕਲਾਬਾਂ ਦਾ ਯੁੱਗ ਹੈ ; ਪ੍ਰਮਾਣ ਵਜੋਂ ਇਹ ਸਤਰਾਂ ਹਾਜ਼ਰ ਹਨ :

ਮੈਂ ਬਾਗ਼ੀ, ਮੈਂ ਬਾਗ਼ੀ, ਮੈਂ ਆਕੀ, ਮੈਂ ਆਕੀ
ਮੈਂ ਇਕ ਅਮਰ ਸ਼ਕਤੀ, ਮੈਂ ਬਾਕੀ, ਮੈਂ ਬਾਕੀ।
ਮੈਂ ਦੁਨੀਆਂ ਦੀ ਹਰ ਇਕ ਬਗ਼ਾਵਤ ਦਾ ਬਾਨੀ
ਮੈਂ ਹਰਕਤ, ਮੈਂ ਸੱਤਾ, ਮੈਂ ਚੇਤਨ ਜਵਾਨੀ। . . .
ਮੈਂ ਇਕ ਇਨਕਲਾਬੀ ਖ਼ੁਦਾ ਹਾਂ, ਖ਼ੁਦਾ ਹਾਂ
ਮੈਂ ਹਰ ਗਦਰ ਦੇ ਭੁੜਕਵੇਂ ਦਿਲ ਦਾ ਚਾਅ ਹਾਂ। . . .
ਮੈਂ ਸੀਨਾ ਹਾਂ ਇਕ ਖੋਜ ਭਰਿਆ ਕਪਲ ਦਾ
ਮੈਂ ਇਕ ਮਰਦ ਕਾਮਲ ਹਾਂ ਦੁਨੀਆਂ ਦੇ ਵੱਲ ਦਾ
ਮੈਂ ਗੌਤਮ, ਮੈਂ ਰੂਸੋ, ਮੈਂ ਲੈਨਿਨ ਦੀ ਚਾਹਤ
ਮੈਂ ਹਾਂ ਮਾਰਕਸ ਦੀ ਖ਼ੁਦਾਈ ਦੀ ਦੌਲਤ।[30]

ਮੇਰੇ ਕਰਮ ਦੀ ਬਗ਼ਾਵਤ ਨਹੀਂ ਲਹੂ ਦੇ ਲਈ,
ਮੇਰੀ ਆਵਾਜ਼ ਹੈ ਹਰ ਆਤਮਾ ਤੇ ਰੂਹ ਦੇ ਲਈ।
ਮੇਰੀ ਇਹ ਤੇਗ਼-ਜਵਾਨੀ ਨਹੀਂ ਕਤਲ ਦੇ ਲਈ,
ਮੇਰਾ ਇਕੱਠ ਨਹੀਂ ਖ਼ੂਨੀਆਂ ਦੇ ਦਲ ਦੇ ਲਈ।
ਮੇਰੀ ਨਜ਼ਰ 'ਚ ਹੈ, ਸੰਸਾਰ ਦਾ ਪਰਿਵਰਤਨ
ਮੇਰੇ ਖ਼ਿਆਲ 'ਚ ਜੀਵਣ ਲਈ ਹੈ ਹਰ ਜੀਵਨ।
ਅਮਨ ਅਮਾਨ 'ਚ ਚਾਹੁੰਦਾ ਹਾਂ ਯੁਗ ਬਦਲ ਜਾਏ

ਬਗ਼ੈਰ ਖ਼ੂਨ ਦੇ ਕਤਰੇ ਤੋਂ ਮੁੜ ਬਹਾਰ ਆਏ।[31]

ਮੇਰਾ ਯੁਗ ਆਇਆ ਹੈ, ਕੋਈ ਰੋਕ ਪਾ ਸਕਦਾ ਨਹੀਂ
ਇਸ 'ਮਹਾਂਰਾਣੀ' ਦੀ ਹਸਤੀ ਨੂੰ ਬਚਾ ਸਕਦਾ ਨਹੀਂ।
ਕੋਈ ਪਰਬਤ, ਚੀਨ ਦੀ ਦੀਵਾਰ, ਯਖ਼ਸਾਗਰ ਕੋਈ,
ਕੋਈ ਮੇਰੇ ਪੈਰ ਦੀ ਜ਼ੰਜ਼ੀਰ ਹੋ ਸਕਦਾ ਨਹੀਂ।
ਜ਼ੋਰ ਤੋਂ ਚਲਦੇ ਸਮੇਂ ਦਾ ਪਹੀਆ ਰੁਕ ਸਕਦਾ ਨਹੀਂ।
ਇਸ ਦਵੰਦ ਦੀ ਨਜ਼ਰ ਤੋਂ ਕੋਈ ਲੁਕ ਸਕਦਾ ਨਹੀਂ।...
ਮੈਂ ਅਸੂਲਾਂ ਦੀ ਸਚਾਈ ਤੋਂ ਹੀ ਹੋ ਜਾਣਾ ਹੈ ਆਮ
ਰਹਿ ਨਹੀਂ ਸਕਦੀ ਕਦੀ ਕੁਦਰਤ ਤਰੱਕੀ ਰੋਕ ਕੇ।
ਮੇਰੇ ਪਿਛੇ ਹੋਰ ਹੈ ਇਕ ਮਿਹਰ ਦੀ ਬਾਰਸ਼ ਅਜੇ,
ਉਸ ਤੋਂ ਪਿਛੋਂ ਹੋਰ ਹੋ ਸਕਦਾ ਏ ਰਹਿਮਤ ਦਾ ਨਿਜ਼ਾਮ
ਸੂਝ ਇਨਸਾਨੀ ਕਿਸੇ ਦੀ ਰਹਿ ਨਹੀਂ ਸਕਦੀ ਗ਼ੁਲਾਮ।[32]

ਇਹ ਕਵਿਤਾਵਾਂ ਬਾਵਾ ਬਲਵੰਤ ਦਾ ਸੁਪਨਾ ਜਾਂ ਯੂਟੋਪੀਆ ਨਹੀਂ, ਵੀਹਵੀਂ ਸਦੀ ਦੇ ਤੀਜੇ-ਚੌਥੇ ਦਹਾਕੇ ਦੌਰਾਨ ਦੁਨੀਆ ਦੇ ਵਡੇ ਭੂ-ਭਾਗ ਦੀ ਬਸਤੀਵਾਦੀ ਸਰਕਾਰਾਂ ਤੋਂ ਮੁਕਤੀ, ਗੁਲਾਮ ਕੌਮਾਂ/ਮੁਲਕਾਂ ਦੇ ਮੁਕਤੀ ਅੰਦੋਲਨਾਂ ਦੇ ਪ੍ਰਮਾਣ ਵਜੋਂ ਕੌਮੀ ਜਮਹੂਰੀ ਇਨਕਲਾਬਾਂ ਅਤੇ ਸਮਾਜਵਾਦੀ ਕੈਂਪ ਦੇ ਉਭਾਰ ਦੀ ਹਕੀਕਤ-ਨਗਾਰੀ ਹੈ। ਸਮਕਾਲੀ ਪ੍ਰਗਤੀਵਾਦੀ ਪੰਜਾਬੀ ਕਵੀਆਂ ਦੇ ਮੁਕਾਬਲੇ ਭਾਵੇਂ ਪ੍ਰੀਤਮ ਸਿੰਘ ਸਫ਼ੀਰ ਤੇ ਬਾਵਾ ਬਲਵੰਤ ਦੀ ਕਵਿਤਾ ਵਧੇਰੇ ਸੂਖ਼ਮ, ਸੁਹਜਭਾਵੀ, ਸੰਕੇਤਕ ਅਤੇ ਗੰਭੀਰ ਮੁਦਰਾ ਵਾਲੀ ਹੈ, ਪਰ ਖੱਬੇ ਪੱਖੀ ਲਹਿਰ ਨੂੰ ਪ੍ਰਨਾਇਆ ਹੋਣ ਕਰਕੇ ਬਾਵਾ ਬਲਵੰਤ ਨੇ ਵੀ ਮਾਰਕਸਵਾਦੀ ਦਰਸ਼ਨ ਦੇ ਸਿਧਾਂਤਾਂ ਤੇ ਸੂਤਰਾਂ ਦੀ ਵਿਆਖਿਆ ਲਈ ਕਵਿਤਾ ਲਿਖੀ। ਨਿਰਸੰਦੇਹ, ਉਹ ਕਵਿਤਾ/ਕਲਾ ਦੇ ਖ਼ੁਦਮੁਖ਼ਤਾਰ ਸੁਹਜਾਤਮਕ ਵਿਧਾਨ ਬਾਰੇ ਚੇਤੰਨ ਸੀ ਪਰ ਉਹ ਕਲਾ ਦੇ ਸਮਾਜਕ ਦਾਇਤਵ ਬਾਰੇ ਵੀ ਅਣਜਾਣ ਨਹੀਂ ਸੀ। ਭਾਵੇਂ ਮਾਰਕਸਵਾਦੀ ਸੁਹਜ-ਸ਼ਾਸਤਰ, ਸਾਹਿਤ ਅਤੇ ਕਲਾਵਾਂ ਵਿਚ ਸਿੱਧੇ ਵਿਚਾਰਧਾਰਕ ਪ੍ਰਚਾਰ ਅਤੇ ਨਾਹਰੇਬਾਜ਼ੀ ਦੀ ਇਜ਼ਾਜਤ ਨਹੀਂ ਦਿੰਦਾ, ਪਰ ਬਾਵਾ ਬਲਵੰਤ ਇਹ ਸਮਝਦਾ ਸੀ ਕਿ ਸਮਾਜਕ ਮਸਲਿਆਂ ਬਾਰੇ ਅਚੇਤ ਤੇ ਅਬੋਧ ਲੋਕਾਈ ਨੂੰ ਲੋਕ-ਸੰਘਰਸ਼ਾਂ ਦੇ ਲੜ ਲਾਉਣ ਲਈ ਸਹਿੰਦਾ ਸਹਿੰਦਾ ਪ੍ਰਚਾਰ ਜਾਂ ਸਿਧਾਂਤਕ ਗਿਆਨ ਦੇਣਾ ਜ਼ਰੂਰੀ ਹੈ। ਸਮੇਂ ਦੀ ਮੰਗ ਅਨੁਸਾਰ ਬਾਵਾ ਬਲਵੰਤ ਨੇ ਵੀ ਇਤਿਹਾਸਕ ਪਦਾਰਥਵਾਦ, ਦਵੰਦਾਤਮਕ ਪਦਾਰਥਵਾਦ, ਸ਼੍ਰੇਣੀ ਘੋਲ, ਵੱਖ-ਵੱਖ ਵਰਗਾਂ ਦੀ ਜਮਾਤੀ ਸਥਿਤੀ ਤੇ ਚੇਤਨਾ ਵਿਚਲੇ ਦਵੰਦਾਂ ਅਤੇ ਕ੍ਰਾਂਤੀਕਾਰੀ ਸੰਘਰਸ਼ ਵਿਚ ਵੱਖ-ਵੱਖ ਵਰਗਾਂ ਦੀ ਭੂਮਿਕਾ ਆਦਿ ਸਿਧਾਂਤਕ ਮਸਲਿਆਂ ਦੀ ਵਿਆਖਿਆ ਵਾਲੀਆਂ ਕਵਿਤਾਵਾਂ ਲਿਖੀਆਂ ; ਪ੍ਰਮਾਣ ਵਜੋਂ ਉਸ ਦੀਆਂ 'ਬਾਗ਼ੀ', 'ਜਵਾਨਾਂ', 'ਸਰਮਾਏਦਾਰੀ ਦੀ ਨਵੀਂ ਗੀਤ', 'ਉਠ ਦੁਨੀਆ ਨੂੰ ਉਲਟਾ ਦੇ' (**ਮਹਾਂਨਾਚ**), 'ਨਵੇਂ ਗੀਤ (**ਅਮਰ ਗੀਤ**), 'ਨੌਕਰ', 'ਤਰੱਕੀ', 'ਰੂਸ' (**ਜਵਾਲਾਮੁਖੀ**), 'ਸਮਾਜਵਾਦ' (**ਬੰਦਰਗਾਹ**), 'ਨਵੀਨ ਆਸ' ਅਤੇ 'ਦੁਨੀਆ' (**ਸੁਗੰਧ ਸਮੀਰ**) ਆਦਿ ਕਵਿਤਾਵਾਂ ਵਾਚੀਆਂ ਜਾ ਸਕਦੀਆਂ ਹਨ। ਉਦਾਹਰਨ ਵਜੋਂ ਕੁਝ ਸਤਰਾਂ ਪੇਸ਼ ਹਨ :

ਉਹ ਤੱਤਾਂ ਦੀ ਕੁਝ ਅਸਲੀਅਤ ਹੀ ਨਾ ਸਮਝੇ / ਜੋ ਕਹਿੰਦੇ ਰਹੇ ਫ਼ਾਨੀ ਖ਼ਾਕੀ ਹੈ ਦੁਨੀਆ।
ਬੜੇ ਪੇਚ ਖਾ ਖਾ ਕੇ ਚਲਦੀ ਏ ਦੁਨੀਆ / ਇਹ ਮਰਦੀ ਨਹੀਂ ਪਰ ਬਦਲਦੀ ਏ ਦੁਨੀਆ।
'ਜਗਤ ਕੁਝ ਨਹੀਂ' ਇਹ ਸ਼ਬਦ ਕਹਿਣ ਵਾਲਾ, / ਪੈਗ਼ੰਬਰ ਹੋਵੇ ਜਾਂ ਕੋਈ ਅੱਲ਼ਾ-ਤਾਲਾ
ਕੋਈ ਪੀਰ ਹੋਵੇ ਕਿ ਅਵਤਾਰ ਹੋਵੇ / ਰਿਸ਼ੀ ਹੋਵੇ ਭਾਵੇਂ ਕਲਾਕਾਰ ਹੋਵੇ
ਉਹ ਅਣਜਾਣੇ ਜਾਣੇ ਹੈ ਸ਼ਾਹਾਂ ਦਾ ਸਾਥੀ / ਗ਼ਰੀਬੀ ਗ਼ੁਲਾਮੀ ਵਧੀ ਏਸ ਤੋਂ ਹੀ।[33]

ਨਾ ਬੁਲਬਲਾ ਏ ਜੀਵਨ, ਨਾ ਦੁਨੀਆ ਹੀ ਫ਼ਾਨੀ ਏ।
ਇਸ ਫ਼ਲਸਫ਼ੇ ਫ਼ਾਨੀ ਨੂੰ ਘੜਿਆ ਏ ਅਮੀਰੀ ਨੇ,
ਹੈ ਲਾਭ ਅਮੀਰਾਂ ਨੂੰ ਤੇ ਦੁਨੀਆਂ ਦੀ ਹਾਨੀ ਏ।
ਰਾਜਾਂ ਨੇ ਗਰੀਬਾਂ ਦੇ ਕੁਦਰਤ ਵੀ ਉਲਟ ਆਖੀ,
ਹਰ ਦਿਨ ਜਿਦ੍ਹਾ ਨੂਰੀ ਏ, ਹਰ ਰਾਤ ਸੁਹਾਣੀ ਏ।

ਦੁਨੀਆਂ ਨੂੰ ਵਸਾਇਆ ਏ ਮਿਹਨਤ ਦੀ ਜਵਾਨੀ ਨੇ।
ਭੁਖੀ ਹੀ ਰਹੀ ਮਰਦੀ ਮਿਹਨਤ ਦੀ ਜਵਾਨੀ ਏ।
ਹੁਣ ਜਨਤਾ ਸਿਰ ਚੁੱਕੇ ਕਿਉਂ ਮੁਰਦਾ ਖ਼ਿਆਲਾਂ ਨੂੰ
ਵਿਗਿਆਨ ਦੇ ਯੁੱਗ ਅੰਦਰ ਉਹ ਰਾਜਾ ਨਾ ਰਾਣੀ ਏ।[34]

ਰਹੀ ਰੋਕ ਫੁੱਲਣ ਫਲਣ 'ਤੇ ਉਸੇ ਦੇ / ਕਿ ਜਿਸ ਦੇ ਹੁਨਰ ਨੇ ਜ਼ਮਾਨੇ ਉਸਾਰੇ
ਲਤਾ ਹੀ ਨਹੀਂ, ਸਭ ਜ਼ਮੀਨਾਂ ਤੇ ਤਾਰੇ / ਇਹ ਜੀਵਤ ਨੇ ਇਕ ਦੂਸਰੇ ਦੇ ਸਹਾਰੇ।[35]

ਕਹਿਣ ਦੀ ਲੋੜ ਨਹੀਂ, ਦੂਜੇ ਪ੍ਰਗਤੀਵਾਦੀ ਕਵੀਆਂ ਵਾਂਗ ਬਾਵਾ ਬਲਵੰਤ ਦਾ ਵਿਰੋਧ ਵੀ ਧਰਮ ਨਾਲ ਨਹੀਂ, ਸਗੋਂ ਉਸ ਮਿੱਥਿਆ ਧਰਮ-ਚੇਤਨਾ ਨਾਲ ਹੈ, ਜੋ ਸਮੁੱਚੇ ਪ੍ਰਕਿਰਤਕ ਪਾਸਾਰੇ ਨੂੰ ਕਿਸੇ ਦਿੱਬ-ਤੱਤ ਦਾ ਹੀ ਵਿਸਤਾਰ ਮੰਨਦੀ ਹੈ। ਮਨੁੱਖ ਤੇ ਉਸ ਦਾ ਸੰਸਾਰ ਕਿਸੇ ਦੈਵੀ ਸੱਤਾ ਦੇ ਹੀ ਝਲਕਾਰੇ ਹਨ। ਸਾਰਾ ਗੋਚਰ ਜਗਤ ਤੇ ਪਾਸਾਰਾ ਸਵੈ-ਚਾਲਿਤ ਹੈ। ਕਿਸੇ ਅਣਦਿਸਦੀ ਤਾਕਤ ਦੇ ਹੁਕਮ ਅਧੀਨ ਹੈ। ਪ੍ਰਕਿਰਤਕ ਪਾਸਾਰੇ ਤੇ ਸਭ ਹੋਂਦਾਂ ਨੂੰ ਨਿਰਪੇਖ, ਸਵੈ-ਚਾਲਿਤ ਤੇ ਅਬਦਲ ਮੰਨਣ ਵਾਲੀ ਮਿੱਥਿਆ ਧਰਮ-ਚੇਤਨਾ ਮਨੁੱਖੀ ਇਤਿਹਾਸ ਨੂੰ ਸਥਿਰ ਤੇ ਗਤੀਹੀਣ ਮੰਨਦੀ ਹੈ। ਇਹ ਸਨਾਤਨੀ ਧਰਮ-ਚੇਤਨਾ ਪ੍ਰਕਿਰਤਕ ਪਾਸਾਰੇ, ਮਨੁੱਖੀ ਤਹਿਰੀਕ ਦੇ ਵਿਕਾਸ ਤੇ ਇਤਿਹਾਸ ਅਤੇ ਸਮਾਜਕ ਵਰਤਾਰਿਆਂ ਵਿਚ ਮਨੁੱਖ ਦੇ ਰੋਲ ਨੂੰ ਮਨਫ਼ੀ ਕਰਦੀ ਹੈ। ਬਾਵਾ ਬਲਵੰਤ ਇਸ ਮਿੱਥਿਆ ਧਰਮ-ਚੇਤਨਾ ਨੂੰ ਵਿਅੰਗ ਨਾਲ 'ਮੁਰਦਾ ਖ਼ਿਆਲ' ਅਤੇ 'ਮੁਰਝਾ ਗਏ ਫੁੱਲ' ਕਹਿੰਦਾ ਹੈ। ਸੰਸਾਰ ਨੂੰ ਅਬਦਲ ਤੇ ਇਤਿਹਾਸ ਨੂੰ ਸਥਿਰ ਮੰਨਣ ਕਾਰਣ ਸਨਾਤਨੀ ਧਰਮ ਚਿੰਤਨ ਯਥਾ-ਸਥਿਤੀਵਾਦੀ (status-qou-ante) ਹੋ ਨਿਬੜਦਾ ਹੈ ਅਤੇ ਸਥਾਪਤੀ ਦੇ ਹੱਕ ਵਿਚ ਭੁਗਤ ਜਾਂਦਾ ਹੈ। ਬਾਵੇ ਦਾ ਸਨਾਤਨੀ ਧਰਮ-ਚਿੰਤਨ ਜਾਂ ਰਹੱਸਵਾਦੀ ਵਿਚਾਰਧਾਰਾ ਨਾਲ ਵਿਰੋਧ ਸਿਧਾਂਤਕ ਹੈ, ਭਾਵੁਕ ਨਹੀਂ:

ਸੈਂਕੜੇ ਸਦੀਆਂ ਪੁਰਾਣਾ ਫ਼ਲਸਫ਼ਾ / ਆਦਮੀ ਦੇ ਵਹਿਮ ਦੀ ਸਰਹੱਦ 'ਖ਼ੁਦਾ'
ਧਾਤ ਦੇ, ਪੱਥਰ ਦੇ ਵੇਲੇ ਦੇ ਕਿਆਸ / ਕੁਝ ਡਰਾਉਣੇ ਕੁਝ ਹਸਾਉਣੇ ਦੇਵਤੇ,
ਭੋਜ-ਪੱਤਰਾਂ ਦੇ ਸਮੇਂ ਵਾਲਾ ਧਰਮ, / ਆਰੀਆ, ਅਨ-ਆਰੀਆਵਾਦੀ ਵਰਨ,
ਇਹ ਕੰਵਲ, ਇਹ ਪੁਸ਼ਪ, ਇਹ ਬਿੱਲ ਪੱਤਰੀ / ਸੈਂਕੜੇ ਸਦੀਆਂ ਪੁਰਾਣੇ ਇਹ ਗ਼ੁਲਾਬ
ਇਹ ਯਾਸਮੀਨ / ਮੁਰਝਾ ਗਏ, / ਮੌਤ ਦਾ ਪੈਗ਼ਾਮ ਦੇਂਦੇ ਨੇ ਪਏ
ਹੁਣ ਨਾ ਬਾਕੀ ਤਾਜ਼ਗੀ ਨਾ ਜ਼ਿੰਦਗੀ / ਇਹ ਨਵੀਂ ਮਹਿਫ਼ਲ ਸਜਾ ਸਕਦੇ ਨਹੀਂ।[36]

ਗੋਚਰ ਜਗਤ ਤੇ ਪ੍ਰਕਿਰਤਕ ਪਾਸਾਰੇ ਨੂੰ ਬਾਵਾ ਬਲਵੰਤ ਨਿਰਪੇਖ ਇਕਾਈਆਂ ਵਜੋਂ ਨਹੀਂ, ਸਗੋਂ ਅੰਤਰ-ਸੰਬੰਧਾਂ ਤੇ ਵਿਰੋਧਾਂ 'ਚ ਬੱਝੀਆਂ ਹੋਂਦਾਂ ਵਜੋਂ ਦੇਖਦਾ ਹੈ। ਉਹ ਮਿੱਥਿਆ ਧਰਮ-ਚੇਤਨਾ ਜਾਂ ਆਦਰਸ਼ਵਾਦੀ ਚਿੰਤਨ ਦੇ ਉਲਟ ਮਨੁੱਖੀ ਇਤਿਹਾਸ ਨੂੰ ਨਿਰੰਤਰ ਗਤੀਸ਼ੀਲ ਪ੍ਰਵਾਹ ਵਜੋਂ ਹੀ ਸਵੀਕਾਰ ਕਰਦਾ ਹੈ। ਪ੍ਰਕਿਰਤਕ ਪਾਸਾਰੇ ਤੇ ਮਨੁੱਖੀ ਇਤਿਹਾਸ ਪ੍ਰਤੀ ਇਤਿਹਾਸਕ ਦਵੰਦਾਤਮਕ ਪਦਾਰਥਵਾਦੀ ਦ੍ਰਿਸ਼ਟੀ ਕਰਕੇ ਉਹ ਮਨੁੱਖੀ ਸਭਿਅਤਾ ਨੂੰ ਸਰਲ ਤੋਂ ਜਟਿਲ ਤੇ ਨੀਵੇਂ ਤੋਂ ਉਚੇਰੇ ਰੁੱਖ਼ ਵਿਕਾਸ ਕਰਨ ਵਾਲਾ ਵਰਤਾਰਾ ਮੰਨਦਾ ਹੈ, ਜੋ ਵਿਸ਼ੇਸ਼ ਇਤਿਹਾਸਕ ਪ੍ਰਸਥਿਤੀਆਂ (ਪਦਾਰਥਕ ਹਾਲਤ) ਅਤੇ ਪੈਦਾਵਾਰੀ ਰਿਸ਼ਤਿਆਂ (ਜਮਾਤੀ-ਸੰਬੰਧਾਂ) ਦੀ ਉਪਜ ਹੁੰਦਾ ਹੈ। ਬਾਵਾ ਬਲਵੰਤ ਪੂੰਜੀਵਾਦੀ ਵਿਵਸਥਾ ਵਿਚਲੇ ਪੈਦਾਵਾਰੀ ਸੰਬੰਧਾਂ, ਮਨੁੱਖੀ ਰਿਸ਼ਤਿਆਂ ਅੰਦਰਲੇ ਦਵੰਦਾਂ ਤੇ ਉਨ੍ਹਾਂ ਉਤੇ ਉਸਰੇ ਅਮਾਨਵੀ ਕਦਰ-ਪ੍ਰਬੰਧ ਨੂੰ 'ਖਿਡੌਣੇ', 'ਨੌਕਰ', 'ਵੇਸਵਾ', 'ਫੇਰ ਪਾਰੋ ਨੇ ਕਿਹਾ', 'ਉਸ ਦਾ ਹਾਰ', 'ਗਰੂਰ ਦੀ ਨੁਹਾਰ' ਅਤੇ 'ਫੁੱਲ ਜੋ ਮੁਰਝਾ ਗਏ' ਆਦਿ ਸੂਖ਼ਮ, ਪ੍ਰਤੀਕਾਤਮਕ ਨਜ਼ਮਾਂ ਵਿਚ ਰੂਪਮਾਨ ਕਰਦਾ ਹੈ। ਬਾਵਾ ਬਲਵੰਤ ਅਨੁਸਾਰ ਪੂੰਜੀਵਾਦੀ ਅਰਥ ਵਿਵਸਥਾ ਮੁਨਾਫ਼ੇ ਅਤੇ ਮਾਇਆ ਉਤੇ ਕੇਂਦਰਿਤ ਹੁੰਦੀ ਹੈ। ਉਤਪਾਦਨ ਦੀ ਉਚੇਰੀ ਅਵਸਥਾ ਹੋਣ ਦੇ ਬਾਵਜੂਦ ਇਸ ਵਿਚ ਕਿਰਤੀ ਆਪਣੀ ਕਿਰਤ ਜਾਂ ਉਤਪਾਦਤ ਵਸਤੂਆਂ ਤੋਂ ਟੁੱਟ ਜਾਂਦਾ ਹੈ। ਕਿਰਤੀ ਆਪਣੀ ਕਿਰਤ ਜਾਂ ਉਪਜ ਤੋਂ ਟੁੱਟ ਕੇ ਖ਼ੁਦ ਮੰਡੀ ਦੀ ਵਸਤੂ ਬਣ ਜਾਂਦਾ ਹੈ। ਉਸ ਦੀ ਹਸਤੀ ਵਸਤਾਂ ਪੈਦਾ ਕਰਨ ਵਾਲੇ ਸੰਦ ਜਾਂ ਮੰਡੀ 'ਚ ਵਿਕਣਯੋਗ ਮਾਲ (ਵਸਤੂ) ਵਰਗੀ ਬਣ ਜਾਂਦੀ ਹੈ। ਕਿਰਤੀ ਅਤੇ ਉਸ ਦੀ ਸਿਰਜਣਾ ਦੇ ਵਿਚਕਾਰ ਮੰਡੀ ਤੇ ਮੁਨਾਫ਼ਾ ਆ ਜਾਂਦੇ ਹਨ। ਪੂੰਜੀ, ਕਿਰਤੀ ਨੂੰ ਉਸ ਦੀ ਸਿਰਜਣਾ ਤੋਂ ਵਿਛੁੰਨ ਕੇ ਉਸ ਦਾ ਅਮਾਨਵੀਕਰਣ (dehumanisation) ਕਰਦੀ ਹੈ। ਇਸੇ ਕਰਕੇ ਕਾਰਲ ਮਾਰਕਸ ਤੇ ਏਂਗਲਜ ਨੇ ਪੂੰਜੀਵਾਦੀ ਵਿਵਸਥਾ ਨੂੰ ਕਿਰਤੀ, ਉਸ ਦੀ ਰਚਨਾਤਮਕ ਸ਼ਕਤੀ (ਉਪਜ) ਅਤੇ ਸੂਖ਼ਮ ਕਲਾਵਾਂ ਦੀਆਂ ਕੁਝ ਸ਼ਾਖ਼ਾਵਾਂ ਖ਼ਾਸ ਕਰਕੇ ਆਰਟ ਅਤੇ ਕਵਿਤਾ ਦੀ ਵੈਰਨ ਕਿਹਾ ਹੈ।[37] ਬਾਵਾ ਬਲਵੰਤ ਪੂੰਜੀਵਾਦੀ ਵਿਵਸਥਾ ਵਿਚ ਕਿਰਤੀ (ਮਜ਼ਦੂਰ, ਕਿਸਾਨ), ਸ਼ਿਲਪਕਾਰ, ਕਵੀ/ਕਲਾਕਾਰ, ਪ੍ਰੇਮੀ ਅਤੇ ਔਰਤ ਦੀ ਸਥਿਤੀ ਨੂੰ ਦੁਜੈਲੀ ਜਾਂ ਹਾਸ਼ੀਆਗਤ ਹੀ

ਮੰਨਦਾ ਹੈ। ਪੂੰਜੀਵਾਦੀ ਵਿਵਸਥਾ ਵਿਚ ਕਲਾ ਆਤਮ-ਪਛਾਣ, ਸਵੈ ਦਾ ਵਿਗਾਸ ਅਤੇ ਤਪਦੇ ਮਨਾ ਨੂੰ ਠਾਰਣ ਦਾ ਵਸੀਲਾ ਨਹੀਂ ਰਹਿੰਦੀ, ਪੂੰਜੀ ਦੀ ਕੀਲ ਵਿਚ ਹੋਣ ਕਰਕੇ ਕਲਾ ਅਤੇ ਕਲਾਕਾਰ ਵਿਕਾਊ ਮਾਲ ਬਣ ਜਾਂਦੇ ਹਨ। ਮਾਇਆ ਅਤੇ ਬਾਜ਼ਾਰ ਦੀ ਚਕਾਚੂੰਦ ਕਰਨ ਵਾਲੀ ਗਲੈਮਰ ਸਾਹਮਣੇ ਲੋਕ-ਪੱਖੀ ਕਲਾ ਤੇ ਕਲਾਕਾਰ ਨਿਸੱਤੇ ਹੋ ਜਾਂਦੇ ਹਨ। ਸਿਰਜਣਾਤਮਿਕਤਾ ਉਨ੍ਹਾਂ ਲਈ ਆਤਮਿਕ ਸਕੂਨ ਤੇ ਊਰਜਾ ਦਾ ਸਰੋਤ ਬਣਨ ਦੀ ਥਾਂ ਆਤਮ-ਗਿਲਾਨੀ ਦਾ ਬੋਝ ਬਣਦੀ ਹੈ। 'ਫ਼ਲੂਸ', 'ਖਿਡੌਣੇ', 'ਦੀਵਿਆਂ ਵਾਲੇ ਦਾ ਗੀਤ', 'ਕਲਾਕਾਰ', 'ਨਾਚੀ' ਅਤੇ 'ਇਕਤਾਰੇ ਵੇਚਣ ਵਾਲਾ' ਆਦਿ ਨਜ਼ਮਾਂ ਵਿਚ ਬਾਵਾ ਬਲਵੰਤ ਪੂੰਜੀਵਾਦੀ ਵਿਵਸਥਾ ਵਿਚ ਕਲਾ ਤੇ ਕਲਾਕਾਰਾਂ ਦੀ ਵਿਡੰਬਨਾ ਨੂੰ ਕਟਾਖਸ਼ੀ ਲਹਿਜੇ 'ਚ ਪੇਸ਼ ਕਰਦਾ ਹੈ :

> ਕਲਾਧਾਰੀ ਸਵਾਰੀ ਜਾਏ ਦੁਨੀਆ / ਕਦੀ ਉਸ 'ਤੇ ਬਹਾਰ ਆਏ ਨਾ ਆਏ।[38]

ਪੂੰਜੀਵਾਦੀ ਵਿਵਸਥਾ ਕਿਰਤੀਆਂ-ਕਿਸਾਨਾਂ, ਸ਼ਿਲਪਕਾਰਾਂ, ਕਲਾਕਾਰਾਂ ਅਤੇ ਪ੍ਰੇਮੀਆਂ ਨੂੰ ਇਕ ਪਾਸੇ dehumanize ਕਰਦੀ ਹੈ ਅਤੇ ਦੂਜੇ ਪਾਸੇ ਇਸ ਦੀ ਧੌਂਸ (hegemony) ਤੇ ਦਮਨ ਦੇ ਵਿਰੁੱਧ ਲੜਨ ਦੀ ਚੇਤਨਾ ਵੀ ਦਿੰਦੀ ਹੈ। ਬਾਵਾ ਬਲਵੰਤ ਜਿਥੇ 'ਨੌਕਰ' ਤੇ 'ਕੰਵਲਸਰ ਦੇ ਕਿਨਾਰੇ 'ਤੇ' ਆਦਿ ਕਵਿਤਾਵਾਂ ਵਿਚ ਕਿਰਤੀ-ਕਿਸਾਨਾਂ ਦੇ ਸੰਤਾਪ ਤੇ ਰੋਹ ਨੂੰ ਜ਼ੁਬਾਨ ਦਿੰਦਾ ਹੈ, ਉਥੇ ਉਹ ਆਪਣੀ 'ਕਲਾਸਕੀ ਸਾਹਿਤ' ਦੇ ਮੁਰਾਤਬੇ ਵਾਲੀ ਨਜ਼ਮ 'ਉਸ ਦਾ ਹਾਰ' ਵਿਚ ਸ਼ਿਲਪਕਾਰਾਂ (ਸਵਰਨਕਾਰਾਂ), ਕਲਾਕਾਰਾਂ ਅਤੇ ਪ੍ਰੇਮੀਆਂ ਦੀ ਹਾਸ਼ੀਆਗਤ ਹੋਣੀ ਦੇ ਸੰਤਾਪ ਨੂੰ ਆਪਣੀ ਮਖ਼ਸੂਸ ਆਸ਼ਾਵਾਦੀ ਦ੍ਰਿਸ਼ਟੀ ਨਾਲ ਰੂਪਮਾਨ ਕਰਦਾ ਹੈ। ਇਸ ਕਵਿਤਾ ਵਿਚਲੀ 'ਮਖਮਲੀ ਅੰਗਾਂ' ਵਾਲੀ ਅਮੀਰ ਔਰਤ ਆਪਣੇ ਹੁਸਨ ਦੀ ਅਣਦੇਖੀ ਅਤੇ ਘਰ ਦੇ ਮਰਦਾਵੇਂ ਦਾਬੇ ਤੋਂ ਪ੍ਰੇਸ਼ਾਨ ਹੈ। ਉਸ ਦੀ 'ਰੇਸ਼ਮੀ ਕਾਇਆ' ਦੇ ਸੌਂਦਰਯ ਦਾ ਕਦਰਦਾਨ ਗ਼ਰੀਬ ਸਵਰਨਕਾਰ ਸੁਹਜ ਅਤੇ ਕਲਾ ਦਾ ਰਸੀਆ ਤਾਂ ਹੈ ਪਰ ਖ਼ੁਦ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੈ। ਆਰਥਿਕ ਤੰਗ-ਦਸਤੀ ਤੇ ਸਭਿਆਚਾਰਕ ਵਰਜਣਾਵਾਂ 'ਚ ਨੂੜੇ ਦੋਵੇਂ ਮਨੁੱਖੀ ਕਾਮਨਾਵਾਂ ਤੇ ਸੁਹਜ ਭਾਵਨਾਵਾਂ ਦੀ ਤ੍ਰਿਪਤੀ ਲਈ ਤੜਫ਼ਦੇ ਹਨ, ਦੋਵੇਂ ਬੇਵੱਸ ਹਨ। ਕਵਿਤਾ ਦੇ ਪਾਠ ਤੋਂ ਪਹਿਲਾਂ ਇਸ ਰਚਨਾ ਤੇ ਵਸਤੂ-ਸਾਰ ਬਾਰੇ ਡਾ. ਕੇਸਰ ਸਿੰਘ ਕੇਸਰ ਦਾ ਤਬਸਰਾ ਬਾਵੇ ਦੇ ਵਿਚਾਰਾਂ ਦੀ ਗਵਾਹੀ ਵਜੋਂ ਲਾਹੇਬੰਦ ਰਹੇਗਾ :

> 'ਉਸ ਦਾ ਹਾਰ' ਕਵਿਤਾ ਜਮਾਤੀ ਵਿਰੋਧਾਂ/ਸੰਘਰਸ਼ਾਂ ਵਾਲੇ ਸਮਾਜ ਦੇ ਅੰਤਰਗਤ ਰਚੀ ਗਈ ਹੈ। ਇਸ ਦੇ ਵਸਤੂ-ਸੰਸਾਰ ਵਿਚ ਦੋ ਪਾਤਰ ਹਨ, ਇਸਤਰੀ ਤੇ ਮਰਦ। ਇਸਤਰੀ ਕੋਲ ਕੀਮਤੀ ਹਾਰ ਹੈ, ਹਾਰ-ਸ਼ਿੰਗਾਰ ਦਾ ਸਮਾਨ ਹੈ, ਅਮੀਰ ਵਰਗ ਦੀਆਂ ਔਰਤਾਂ ਵਾਂਗ ਲਿਸ਼ਕ-ਪੁਸ਼ਕ ਕੇ ਰਹਿੰਦੀ ਹੈ, ਵਿਹਲੀ ਹੈ, ਨਿਰੀ ਖ਼ੁਸ਼ਬੂ ਹੈ, ਪਰ ਆਪਣੇ ਅਮੀਰ ਘਰ ਵਿਚ ਵੀ ਗ਼ੁਲਾਮੀ ਮਹਿਸੂਸ ਕਰਦੀ ਹੈ, ਖੁੱਲ੍ਹ ਮਾਨਣਾ ਤੇ ਆਪਣੇ ਸੁਹਜ ਦੇ ਪ੍ਰਸੰਸਕ ਦੇ ਸਾਥ ਵਿਚ ਰਹਿਣਾ ਚਾਹੁੰਦੀ ਹੈ। ਇਸ ਲਈ ਰੋਜ਼ ਹਾਰ ਟੁੱਟਣ ਦਾ ਬਹਾਨਾ ਬਣਾ ਕੇ ਕਲਾਕਾਰ-ਸਵਰਨਕਾਰ ਨੂੰ ਮਿਲਣ ਆਉਂਦੀ ਹੈ। ਇਹ ਕਰਮ ਉਸ ਦੇ ਵਿਦਰੋਹ ਦਾ ਪ੍ਰਤੀਕ ਹੈ। ਦੂਜੇ ਪਾਸੇ ਕਿਰਤੀ/ਕਾਰੀਗਰ ਵਰਗਾਂ ਦਾ ਪ੍ਰਤਿਨਿਧ ਸਮਝੌਤਾਵਾਦੀ ਸਵਰਨਕਾਰ ਹੈ, ਜਿਸ ਨੂੰ ਸੁਹਜ ਦੀ, ਕਲਾ ਦੀ, ਪ੍ਰੇਮ ਦੀ ਪਛਾਣ ਹੈ, ਪਰ ਉਸ ਦੀ 'ਕਲਾ' ਕਾਰੀਗਰੀ ਜਾਂ ਆਰਥਿਕ ਕਿਰਤ ਤੱਕ ਸੀਮਤ ਹੈ। ਸੁਹਜ ਤੇ ਪ੍ਰੇਮ ਦਿਨ ਵਿਚ ਥੋੜ੍ਹੇ ਸਮੇਂ ਲਈ ਚੋਰੀ-ਚੋਰੀ ਮਿਲਦਾ ਹੈ। ਰੁਜ਼ਗਾਰ ਤੇ ਸਭਿਆਚਾਰ ਦੀਆਂ ਬੰਦਸ਼ਾਂ ਉਸ ਉਪਰ ਵੀ ਹਨ। ਉਹ ਮੁਹੱਬਤ ਤੇ ਸੁਹਜ ਨੂੰ ਸਾਰੇ ਸਮਾਜ ਦੇ ਹੱਕ ਵਿਚ ਦੇਖਣਾ ਚਾਹੁੰਦਾ ਹੈ।... [ਪਰ] ਸਮਾਜਕ ਤਬਦੀਲੀ/ਉਸਾਰੀ ਤੋਂ ਬਿਨਾ ਮੁਹੱਬਤ ਤੇ ਸੁਹਜ ਸਭ ਲਈ ਨਹੀਂ ਹੋ ਸਕਦੇ।[39]

ਕਵਿਤਾ 'ਚੋਂ ਕੁਝ ਸਤਰਾਂ ਨਮੂਨੇ ਵਜੋਂ ਪੇਸ਼ ਹਨ :

> ਰੋਜ਼ ਉਸ ਦਾ ਹਾਰ ਟੁੱਟ ਜਾਇਆ ਕਰੇ / ਮੁਸਕ੍ਰਾਂਦੀ ਆ ਕੇ ਬਣਵਾਇਆ ਕਰੇ।
> ਮੇਰੇ ਪੁੱਛਣ 'ਤੇ ਕਿ ਟੁੱਟਾ ਕਿਸ ਤਰਾਂ? / ਪਾ ਕੇ ਵਲ਼ ਗਰਦਨ ਨੂੰ ਸ਼ਰਮਾਇਆ ਕਰੇ।
> ਮਖਮਲੀ ਅੰਗਾਂ ਦੀ ਛੁਹ, ਨਵਨੀਤ-ਕਰ, / ਮੇਰਿਆਂ ਹੱਥਾਂ 'ਤੇ ਆ ਸਾਇਆ ਕਰੇ।
> ਰੇਸ਼ਮੀ ਕਾਇਆ ਦੀ ਉਜਲੀ ਸਿਫ਼ਤ ਸੁਣ / ਧਰਤ-ਭੂਸ਼ਨ ਵਲ਼ 'ਤੇ ਵਲ਼ ਖਾਇਆ ਕਰੇ।
>
> ਜੇ ਕਲਾ ਦੇ ਰਾਹ ਦੀ ਲੋਅ ਬਣ ਜਾਏ ਉਹ / ਮੇਰਾ ਮਨ ਕਿਉਂ ਠੋਕਰਾਂ ਖਾਇਆ ਕਰੇ।
> ਕੋਈ ਸੁੰਦਰਤਾ 'ਚੋਂ ਲੱਭਦਾ ਏ ਕਮਾਲ / ਕੋਈ ਕਹਿੰਦਾ ਏ ਸਮਾਂ ਜਾਇਆ ਕਰੇ।

ਹੇ ਮੁਹੱਬਤ, ਤੇਰੀ ਮੰਸ਼ਾ ਦੀ ਬਹਾਰ / ਹਿੰਮਤੀ-ਤਲੀਆਂ 'ਤੇ ਉੱਗ ਆਇਆ ਕਰੇ।
ਇਕ ਉਸਾਰੀ ਦੀ ਲਗਨ ਜੀਵਨ ਦਾ ਚਾਅ / ਮੇਲ ਉਸ ਦਾ ਅਮਲ ਗਰਮਾਇਆ ਕਰੇ।[40]

ਭਾਰਤੀ ਪਿੱਤਰ-ਸੱਤਾਤਮਿਕ ਵਿਵਸਥਾ ਵਿਚ ਔਰਤ ਸਰੀਰਕ ਤੇ ਮਾਨਸਿਕ ਦੋਹਰੀ ਗ਼ੁਲਾਮੀ ਭੋਗਦੀ ਹੈ। ਬਾਵਾ ਇਸ ਦੀਆਂ ਪ੍ਰਤੱਖ ਤੇ ਅਣਦਿਸਦੀਆਂ ਸੂਖ਼ਮ ਪਰਤਾਂ ਨੂੰ, ਕ੍ਰਿਸ਼ਨਾ ਨਾਲ ਸੰਬੰਧਤ ਕਵਿਤਾਵਾਂ ਤੋਂ ਬਿਨਾਂ 'ਵੇਸਵਾ', 'ਨਾਚੀ', 'ਦੂਰ ਇਕ ਬਹਿਲੀ ਖੜ੍ਹੀ' ਅਤੇ 'ਫੇਰ ਪਾਰੋ ਨੇ ਕਿਹਾ' ਕਵਿਤਾਵਾਂ ਦਾ ਰਚਨਾ-ਵਸਤੂ ਬਣਾਉਂਦਾ ਹੈ। ਪਿੱਤਰ-ਸੱਤਾ ਦੁਆਰਾ ਮਰਦਾਵੇਂ ਦਾਬੇ (male hegemany) ਨੂੰ ਕਾਇਮ ਰੱਖਣ ਲਈ ਘੜੀਆਂ ਸਭਿਆਚਾਰਕ ਵਰਜਣਾਵਾਂ ਤੇ ਨਾਰੀ ਵਿਰੋਧੀ ਸਾਜ਼ਿਸ਼ੀ ਚਿੰਤਨ ਔਰਤ ਨੂੰ ਸਰੀਰਕ ਪੱਖੋਂ ਕਮਜ਼ੋਰ, ਬੌਧਿਕ ਪੱਖੋਂ ਕੰਗਾਲ ਅਤੇ ਮਾਨਸਿਕ ਪੱਖੋਂ ਅਸੰਤੁਲਿਤ ਤੇ ਵਿਚਲਿਤ ਗਰਦਾਨਦਾ ਹੈ। ਉਸ ਨੂੰ ਮਰਦ ਦੀ ਅਧੀਨਗੀ (subjugation) 'ਚ ਰੱਖਣ ਲਈ ਘਰ, ਪਰਿਵਾਰ, ਵਿਆਹ ਅਤੇ ਰਿਸ਼ਤਾ-ਨਾਤਾ ਪ੍ਰਬੰਧ ਦੀਆਂ ਸੰਸਥਾਵਾਂ ਪਿੱਤਰ-ਸੱਤਾ ਦੀ ਵਿਚਾਰਧਾਰਾ ਦੇ ਸੰਵਾਹਕ ਵਜੋਂ ਕੰਮ ਕਰਦੀਆਂ ਹਨ। ਪੁਰਸ਼ ਦੁਆਰਾ ਸਥਾਪਤ ਤੇ ਸੰਚਾਲਿਤ ਸਭਿਆਚਾਰਕ ਵਿਧਾਨ ਤੇ ਪੁਰਸ਼ ਪੱਖੀ ਚਿੰਤਨ ਨਾਰੀ ਦੇ ਕਮਜ਼ੋਰ, ਬੇਵਫ਼ਾ, ਢੋਰ-ਗੰਵਾਰ ਅਤੇ ਪਰਜੀਵੀ ਹੋਣ ਦੀਆਂ ਮਿੱਥਾਂ ਘੜ੍ਹ ਦਾ ਹੈ। ਰਾਮ-ਕਥਾ ਉਤੇ ਅਧਾਰਿਤ 'ਦੂਰ ਇਕ ਬਹਿਲੀ ਖੜ੍ਹੀ' ਨਜ਼ਮ ਵਿਚ ਬਾਵਾ, ਰਾਮ ਦੇ ਮਰਿਯਾਦਾ ਪ੍ਰਸ਼ੋਤਮ, ਲਛਮਣ ਦੇ ਆਗਿਆਕਾਰੀ ਭਰਾਤਾ ਤੇ ਬੀਰ ਅਤੇ ਸੀਤਾ ਦੇ ਕਮਜ਼ੋਰ (ਦਾਸੀ) ਹੋਣ ਦੀ ਮਿੱਥ ਨੂੰ ਉਲਟਾ ਦਿੰਦਾ ਹੈ। ਨਜ਼ਮ ਵਿਚਲੇ ਤਿਖੇ-ਕੰਟੀਲੇ ਪ੍ਰਸ਼ਨ ਤੇਜੱਸਵੀ ਰਾਮ ਤੇ ਧਨੁਸ਼-ਧਾਰੀ ਬੀਰ ਲਛਮਣ ਨੂੰ ਕਟਹਿਰੇ ਵਿਚ ਲਿਆ ਖੜ੍ਹਾ ਕਰਦੇ ਹਨ। 'ਅਜ਼ਲ ਤੋਂ ਹੀ ਆਦਮੀ ਜ਼ਾਲਮ ਰਿਹਾ/ਲੈ ਕੇ ਖੁਸ਼ੀਆਂ ਸੋਹਲ ਦੇਂਦਾ ਗ਼ਮ ਰਿਹਾ।' ਦੀ ਕਟਾਖ਼ਸ਼ੀ ਧੁਨੀ ਸੀਤਾ ਦੇ ਹਵਾਲੇ ਨਾਲ ਔਰਤ ਨੂੰ, ਸੰਵਾਦ ਦੇ ਕੇਂਦਰ ਵਿਚ ਨਾਇਕ ਵਜੋਂ ਲੈ ਆਉਂਦੀ ਹੈ। 'ਫੇਰ ਪਾਰੋ ਨੇ ਕਿਹਾ' ਨਜ਼ਮ ਸ਼ਿਵ-ਪਾਰਬਤੀ ਦੀ ਪੌਰਾਣ ਕਥਾ ਦਾ ਨਵ-ਸਿਰਜਣ ਹੈ। ਪਾਰਬਤੀ ਭਗਤੀ 'ਚ ਲੀਨ ਸ਼ਿਵ ਨੂੰ ਆਉਣ ਵਾਲੇ ਸੰਭਾਵੀ ਖਤਰਿਆਂ ਤੋਂ ਸਾਵਧਾਨ ਕਰਦੀ ਹੈ, ਜਗਾਉਂਦੀ ਹੈ। ਸ਼ਿਵ ਦਾ ਤੀਜਾ ਨੇਤਰ ਖੁੱਲ੍ਹਦਾ ਹੈ। ਉਹ ਪਾਰੋ ਨੂੰ ਜਗਤ-ਕਲਿਆਣੀ ਸ਼ਕਤੀ ਕਹਿ ਕੇ ਸਤਿਕਾਰਦਾ ਹੈ। ਬਾਵਾ ਬਲਵੰਤ ਦੀ ਇਹ ਨਜ਼ਮ ਪੰਜਾਹਵਿਆਂ ਦੇ ਸ਼ੁਰੂ 'ਚ ਲਿਖੀ ਗਈ, ਦੇਸ਼ ਆਜ਼ਾਦ ਹੋ ਚੁੱਕਾ ਸੀ, ਸਾਮਰਾਜ ਭੇਸ ਬਦਲ ਕੇ ਨਵੇਂ ਨਵੇਂ ਲਭਾਉਣੇ ਰੂਪਾਂ ਵਿਚ ਫਿਰ ਸਿਰ ਚੁੱਕ ਰਿਹਾ ਸੀ। ਬਾਵਾ ਬਲਵੰਤ ਅੰਦਰਲਾ ਚੇਤਨ ਅਤੇ ਅਨੁਭਵੀ ਕਲਾਕਾਰ ਕਿਰਤੀ-ਕਿਸਾਨਾਂ, ਸ਼ਿਲਪੀਆਂ, ਕਲਾਕਾਰਾਂ ਤੇ ਔਰਤਾਂ ਅੰਦਰ ਅੰਗੜਾਈ ਲੈ ਰਹੀ ਚੇਤਨਾ ਨੂੰ ਵੀ ਸਮਝ ਰਿਹਾ ਸੀ ਅਤੇ ਇਹ ਭਵਿੱਖ-ਦ੍ਰਿਸ਼ਟਾ ਕਲਾਕਾਰ ਦੇ ਪੈਗ਼ੰਬਰੀ ਅੰਦਾਜ਼ ਵਿਚ ਪਾਰਬਤੀ ਤੋਂ ਇਹ ਅਖਵਾ ਰਿਹਾ ਸੀ :

ਖੇਤ ਤੇਰੇ ਹੋਣ ਵਾਲੇ ਨੇ ਅਧੀਨ / ਦੇਸ਼ ਤੇਰਾ ਹੋਣ ਵਾਲਾ ਏ ਗ਼ੁਲਾਮ
ਜਾਗ ਜੀਵਨ ਦੀ ਕਲਾ ਦੇ ਇੰਤਕਾਮ / ਆਉਣ ਵਾਲੀ ਏ ਤੇਰੇ ਪਰਬਤ 'ਤੇ ਸ਼ਾਮ
ਦੁਸ਼ਮਣਾਂ ਦੇ ਝੰਡਿਆਂ ਦੀ, ਨੇਜ਼ਿਆਂ ਦੀ, ਫ਼ੌਜ ਦੀ / ਆ ਰਹੀ ਏ ਇਕ ਗ਼ੁਲਾਮੀ ਦੀ ਭਿਆਨਕ ਕਾਲੀ ਰਾਤ . . .
ਹੋ ਰਿਹਾ ਸਾਗਰ ਤੇ ਕਬਜ਼ਾ ਲਾਲਚੀ ਤੂਫ਼ਾਨ ਦਾ / ਜਾਗ ਹੇ ਸਾਵੰਤ ਯੋਧੇ, ਜੋਤਕਾਰ ![41]

ਅੱਜ ਜਦੋਂ ਨਵ-ਸਾਮਰਾਜਵਾਦ ਨਵੇਂ-ਨਵੇਂ ਲੁਭਾਉਣੇ ਮਖੌਟੇ ਪਹਿਨ ਕੇ ਗ਼ਰੀਬ ਮੁਲਕਾਂ ਦੇ ਕੁਦਰਤੀ ਸੰਸਾਧਨਾਂ ਅਤੇ ਮਨੁੱਖੀ ਸਰੋਤਾਂ (ਕਿਰਤ) ਨੂੰ ਹੜੱਪਣ ਦੀ ਕਾਹਲੀ ਵਿਚ ਹੈ, ਬਾਵਾ ਬਲਵੰਤ ਦੀ ਸੱਤ ਕੁ ਦਹਾਕੇ ਪਹਿਲਾਂ ਕੀਤੀ ਗਈ ਪੇਸ਼ੀਨਗੋਈ ਕਿੰਨੀ ਸਾਰਥਕ ਤੇ ਪ੍ਰਸੰਗਿਕ ਹੈ। ਇਹੋ ਬਾਵਾ ਬਲਵੰਤ ਦੀ ਕਵਿਤਾ ਦਾ 'ਹਾਸਿਲ' ਹੈ। ਬਾਵਾ ਬਲਵੰਤ ਦੇ ਜਨਮ-ਸ਼ਤਾਬਦੀ ਵਰ੍ਹੇ ਸਮੇਂ ਉਸ ਨੂੰ ਯਾਦ ਕਰਨ ਦਾ ਸਹੀ ਸਲੀਕਾ ਇਹ ਹੈ ਕਿ ਉਸ ਦੇ ਫ਼ਿਕਰਾਂ ਤੇ ਅਕੀਦੇ ਦੀ ਬਾਂਹ ਘੁੱਟ ਕੇ ਫੜੀਏ।

* * *

## *ਹਵਾਲੇ*


1. ਬਾਵਾ ਬਲਵੰਤ, **ਅਮਰ ਗੀਤ** (1942 ਈ.), ਦੇਖੋ, **ਬਾਵਾ ਬਲਵੰਤ ਦਾ ਕਾਵਿ-ਸੰਸਾਰ**, (ਸੰਪਾ.) ਡਾ. ਕੁਲਬੀਰ ਸਿੰਘ ਕਾਂਗ, 2000 ਈ., ਨਵਯੁੱਗ ਪਬਲਿਸ਼ਰਜ਼, ਦਿੱਲੀ, ਪੰਨਾ 173
2. ਕੁਲਬੀਰ ਸਿੰਘ ਕਾਂਗ, "ਜੀਵਨ ਰੇਖਾਵਾਂ", **ਬਾਵਾ ਬਲਵੰਤ ਦਾ ਕਾਵਿ-ਸੰਸਾਰ** (2000 ਈ.) ਪੰਨੇ 11-13
3. ਉਹੀ, ਪੰਨਾ 12
4. ਡਾ. ਧਰਮਪਾਲ ਸਿੰਗਲ, **ਬਾਵਾ ਬਲਵੰਤ : ਇਕ ਅਧਿਐਨ**, ਲਾਹੌਰ ਬੁੱਕ ਸ਼ਾਪ, ਲੁਧਿਆਣਾ 1965, ਪੰਨਾ 9.

5. ਡਾ. ਪ੍ਰੀਤਮ ਸੈਣੀ, **ਬਾਵਾ ਬਲਵੰਤ : ਚਿੰਤਨ ਤੇ ਕਲਾ**, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1984, ਪੰਨਾ 5.
6. ਪ੍ਰੋ. ਪ੍ਰੀਤਮ ਸਿੰਘ, (ਸੰਪਾ.) **ਪੰਜਾਬੀ ਲੇਖਕ ਕੋਸ਼**, ਯੂਨੀਸਟਾਰ ਬੁਕਸ, ਚੰਡੀਗੜ੍ਹ, 2003, ਪੰਨਾ 484.
7. ਕਰਤਾਰ ਸਿੰਘ ਸੁਮੇਰ, ਹਵਾਲਾ, ਸ. ਤਰਸੇਮ, **ਭਰ ਵਗਦੇ ਦਰਿਆ** (2008), ਪੰਨਾ 29.
8. ਬਾਵਾ ਬਲਵੰਤ, **ਜਵਾਲਾਮੁਖੀ** (1943), ਲਾਹੌਰ ਬੁੱਕ ਸ਼ਾਪ, ਲਾਹੌਰ, ਪ੍ਰਾਰੰਭਕ ਪੰਨਾ
9. ਡਾ. ਐਸ. ਤਰਸੇਮ, **ਬਾਵਾ ਬਲਵੰਤ, ਜੀਵਨ ਸੰਵਾਦ ਤੇ ਸਮੀਖਿਆ**, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007 ਈ., ਪੰਨਾ 14.
10. ਡਾ. ਕੁਲਬੀਰ ਸਿੰਘ ਕਾਂਗ, ਉਹੀ ਪੁਸਤਕ, ਪੰਨਾ 14.
11. ਡਾ. ਧਰਮਪਾਲ ਸਿੰਗਲ, **ਆਧੁਨਿਕ ਪੰਜਾਬੀ ਕਵਿਤਾ : ਵਿਚਾਰ ਤੇ ਵਿਸ਼ਲੇਸ਼ਣ**, ਦੀਪਕ ਪਬਲਿਸ਼ਰਜ਼ ਜਲੰਧਰ, 2005 ਈ., ਪੰਨੇ 149, 153.
12. ਪ੍ਰਿੰਸੀਪਲ ਸੁਜਾਨ ਸਿੰਘ, "ਪ੍ਰਕਾਸ਼" (ਭੂਮਿਕਾ, ਮਹਾਂਨਾਚ 1941 ਈ.), ਦੇਖੋ, **ਬਾਵਾ ਬਲਵੰਤ ਦਾ ਕਾਵਿ-ਸੰਸਾਰ**, ਪੰਨਾ 66.
13. ਅਮਰ ਸਿੰਘ, "ਮੁਖਬੰਧ" **ਸੁਗੰਧ ਸਮੀਰ** (1959 ਈ.), ਦੇਖੋ ਉਪਰੋਕਤ ਪੁਸਤਕ, ਪੰਨਾ 337.
14. ਬਾਵਾ ਬਲਵੰਤ, "ਭੂਮਿਕਾ", **'ਪੱਥਰ ਦੇ ਫੁੱਲ'**, ਹਰਕੇਵਲ ਸਿੰਘ ਕੇਵਲ, ਨਵਯੁੱਗ ਪਬਲਿਸ਼ਰਜ਼, ਦਿੱਲੀ, 1971, ਪੰਨੇ 9-10.
15. ਡਾ. ਕੁਲਬੀਰ ਸਿੰਘ ਕਾਂਗ, ਉਹੀ ਪੁਸਤਕ, ਪੰਨਾ 15.
16. ਸੁਜਾਨ ਸਿੰਘ, ਅਮਰ ਸਿੰਘ, "ਮੁਕੱਦਮਾ" (ਭੂਮਿਕਾ), **ਬੰਦਰਗਾਹ** (1951), ਦੇਖੋ, **ਬਾਵਾ ਬਲਵੰਤ ਦਾ ਕਾਵਿ-ਸੰਸਾਰ**, ਪੰਨਾ 277.
17. ਪਾਲ ਸਿੰਘ, "ਸਤਿਕਾਰ", **ਅਮਰ ਗੀਤ** (1942), ਉਪਰੋਕਤ ਪੁਸਤਕ, ਪੰਨਾ 158.
18. ਸੁਜਾਨ ਸਿੰਘ, "ਪ੍ਰਕਾਸ਼" ਭੂਮਿਕਾ **ਮਹਾਂਨਾਚ** (1941), ਉਪਰੋਕਤ ਪੁਸਤਕ, ਪੰਨਾ 66.
19. ਬਾਵਾ ਬਲਵੰਤ ਦਾ ਕਾਵਿ ਸੰਸਾਰ, ਪੰਨਾ 86-87.
20. ਬਾਵਾ ਬਲਵੰਤ ; "ਮੁੱਖ ਬੰਧ" ਊਸ਼ਾ-ਨਿਸ਼ਾ, ਜੋਗਾ ਸਿੰਘ ਜਗਿਆਸੂ, ਪੰਨਾ 17.
21. **ਬਾਵਾ ਬਲਵੰਤ ਦਾ ਕਾਵਿ-ਸੰਸਾਰ**, ਪੰਨਾ 81.
22. ਉਹੀ, ਪੰਨਾ 82.
23. ਉਹੀ, ਪੰਨਾ 118.
24. ਉਹੀ, ਪੰਨੇ 288-289.
25. ਉਹੀ, ਪੰਨਾ 297.
26. ਉਹੀ, ਪੰਨੇ 186-188.
27. ਬਾਵਾ ਬਲਵੰਤ, ਡਾ. ਧਰਮਪਾਲ ਸਿੰਗਲ, **ਬਾਵਾ ਬਲਵੰਤ : ਇਕ ਅਧਿਐਨ**, ਪੰਨੇ 81-82.
28. **ਮਹਾਂ ਨਾਚ** (1941), ਦੇਖੋ **ਬਾਵਾ ਬਲਵੰਤ ਦਾ ਕਾਵਿ-ਸੰਸਾਰ**, ਪੰਨਾ 71.
29. ਉਹੀ, ਪੰਨਾ 82.
30. ਉਹੀ, ਪੰਨਾ 72-74.
31. **ਜਵਾਲਾਮੁਖੀ**, ਉਹੀ ਪੁਸਤਕ, ਪੰਨੇ 243-44.
32. **ਬੰਦਰਗਾਹ**, ਉਹੀ ਪੁਸਤਕ, ਪੰਨੇ 330-31.
33. **ਸੁਗੰਧ ਸੁਮੀਰ**, ਉਹੀ ਪੁਸਤਕ, ਪੰਨਾ 372.
34. ਉਹੀ, ਪੰਨਾ 371.
35. ਉਹੀ, ਪੰਨਾ 355.
36. ਉਹੀ, ਪੰਨਾ 370.
37. Capitalist production is hostile to certain branches of spiritual production, for example, art and poetry.' Karl Marx, Marx Engels, On Literature and Art, (1976), P. 141.
38. **ਸੁਗੰਧ ਸੁਮੀਰ**, ਉਹੀ ਪੁਸਤਕ, ਪੰਨਾ 351.
39. ਡਾ. ਕੇਸਰ ਸਿੰਘ ਕੇਸਰ, **ਕਾਵਿ-ਚਿੰਤਨ-II,** (2006), ਸੰਪਾ. ਜਸਵੀਰ ਕੇਸਰ, ਪੰਨੇ 288-89.
40. ਬਾਵਾ ਬਲਵੰਤ, **ਸੁਗੰਧ ਸਮੀਰ**, ਉਹੀ ਪੁਸਤਕ, ਪੰਨੇ 348-49.
41. ਬਾਵਾ ਬਲਵੰਤ, **ਬੰਦਰਗਾਹ**, ਉਹੀ ਪੁਸਤਕ, ਪੰਨਾ 325.


* *